

ਧਰੁਵ ਸਵਾਮਿਨੀ
ਭਾਸ਼ਾ ਵਿਭਾਗ, ਪੰਜਾਬ

# ਧਰੁਵ ਸਵਾਮਿਨੀ

ਜੇ ਸ਼ੰਕਰ ਪ੍ਰਸਾਦ

**ਭਾਸ਼ਾ ਵਿਭਾਗ ਪੰਜਾਬ**

# DHRUV SVAMINI
# (A DRAMA)

by
Jaya Shanker Parsad.

Translated by
Harbhajan Arora.

ਪਹਿਲਾ ਐਡੀਸ਼ਨ 1977

ਮੁਲ : Rs. 2-30 P

ਪ੍ਰਕਾਸ਼ਕ :
ਪ੍ਰੋ: ਰਜਨੀਸ਼ ਕੁਮਾਰ,
ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ

ਪ੍ਰਿੰਟਰ :
ਸ੍ਰੀ ਚਮਨ ਲਾਲ ਗੁਪਤਾ,
ਸੀ-ਲਾਲ ਆਫਸੈਟ ਪ੍ਰਿੰਟਰਜ਼,
ਚੌਂਕ ਕਿਲਾ, ਲੁਧਿਆਣਾ ।

# ਦੋ ਸ਼ਬਦ

ਸ੍ਰੀ ਜੈ ਸ਼ੰਕਰ ਪ੍ਰਸਾਦ ਆਧੁਨਿਕ ਹਿੰਦੀ ਸਾਹਿਤ ਦੇ ਮਹਾਨ ਉਸਰਈਆਂ ਵਿਚੋਂ ਇਕ ਹਨ। ਉਹ ਹਿੰਦੀ ਕਵਿਤਾ ਦੀ ਨਵੀਨ ਧਾਰਾ ਛਾਇਆਵਾਦ ਦੇ ਮੋਢੀ ਕਵੀ ਹੀ ਨਹੀਂ, ਸਗੋਂ 'ਕਾਮਾਯਨੀ' ਜਿਹੇ ਮਹਾਂਕਾਵਿ ਦੀ ਰਚਨਾ ਸਦਕੇ ਉਨ੍ਹਾਂ ਨੂੰ ਇਸ ਧਾਰਾ ਦਾ ਸ਼੍ਰੋਮਣੀ ਕਵੀ ਮੰਨਿਆ ਜਾਂਦਾ ਹੈ । ਉਨ੍ਹਾਂ ਦੀ ਇਸ ਅਮਰ-ਕਿਰਤ ਨੂੰ ਵਿਭਾਗ ਗੁਰਮੁਖੀ ਅੱਖਰਾਂ ਵਿਚ ਪਹਿਲਾਂ ਹੀ ਪ੍ਰਕਾਸ਼ਤ ਕਰ ਚੁਕਾ ਹੈ ।

ਉਹ ਪ੍ਰਤਿਭਾਵਾਨ ਕਵੀ ਦੇ ਨਾਲ ਨਾਲ ਹਿੰਦੀ ਦੇ ਪ੍ਰਸਿੱਧ ਨਾਟਕਕਾਰ ਵੀ ਹਨ। ਹਿੰਦੀ ਨਾਟਕ ਸਾਹਿਤ ਨੂੰ ਉਨ੍ਹਾਂ ਦੀ ਜੋ ਦੇਣ ਹੈ, ਉਸ ਨੂੰ ਕੋਈ ਵੀ ਹਿੰਦੀ ਪਾਠਕ ਕਦੇ ਭੁੱਲ ਨਹੀਂ ਸਕਦਾ। ਉਨ੍ਹਾਂ ਨੇ ਕੋਈ ਦਰਜਨ ਕੁ ਇਤਿਹਾਸਕ ਨਾਟਕ ਲਿਖ ਕੇ ਹਿੰਦੀ ਨਾਟਕ-ਸਾਹਿਤ ਨੂੰ ਮਹੱਤਵ-ਪੂਰਣ,ਦੇਣ ਦਿੱਤੀ ਹੈ । ਉਨ੍ਹਾਂ ਨੇ ਆਪਣੇ ਨਾਟਕਾਂ ਵਿਚ ਭਾਰਤ ਦੀਆਂ ਗੌਰਵਪੂਰਣ ਝਾਕੀਆਂ ਨੂੰ ਬੜੇ ਹੀ ਨਾਟਕੀ ਢੰਗ ਨਾਲ ਪੇਸ਼ ਕੀਤਾ ਹੈ । ਗੁਪਤ-ਕਾਲ ਸਬੰਧੀ ਮੌਲਿਕ ਖੋਜ ਕਰ ਕੇ ਜੈ ਸ਼ੰਕਰ ਪ੍ਰਸਾਦ ਜੀ ਨੇ ਇਸ ਕਾਲ ਨੂੰ ਆਪਣੇ ਨਾਟਕਾਂ ਰਾਹੀਂ ਬਹੁਤ ਹੀ ਉਜਾਗਰ ਕੀਤਾ ਹੈ। 'ਧਰੁਵਸਵਾਮਿਨੀ' ਇਸ ਕਾਲ ਨਾਲ ਸਬੰਧਤ ਇਕ ਇਤਿਹਾਸਕ ਨਾਟਕ ਹੈ ਜਿਸ ਵਿਚ ਚੰਦਰਗੁਪਤ ਦੀ ਸੂਝ ਤੇ ਸੂਰਬੀਰਤਾ ਨੂੰ ਅਨੋਖੇ ਰੰਗ ਵਿਚ ਪੇਸ਼ ਕੀਤਾ ਗਿਆ ਹੈ । ਇਸ ਦੀ ਨਾਇਕਾ, 'ਧਰੁਵਸਵਾਮਿਨੀ' (ਧਰੁਵ ਦੇਵੀ) ਇਕ ਇਤਿਹਾਸਕ ਪਾਤਰ ਹੈ ਜੋ ਨਾਟਕਕਾਰ ਦੀ ਕਲਪਨਾ ਦੀ ਛੂਹ ਨਾਲ ਨਿੱਖਰ ਗਈ ਹੈ ।

ਇਸ ਨਾਟਕ ਦਾ ਪੰਜਾਬੀ ਅਨੁਵਾਦ ਪਾਠਕਾਂ ਨੂੰ ਭੇਟ ਕੀਤਾ ਜਾ ਰਿਹਾ ਹੈ। ਅਨੁਵਾਦ ਪ੍ਰਿੰਸੀਪਲ, ਸ੍ਰੀਮਤੀ ਹਰਭਜਨ ਅਰੋੜਾ ਜੀ ਨੇ ਬੜੀ ਮਿਹਨਤ ਨਾਲ ਕੀਤਾ ਹੈਅਤੇ ਸ੍ਰੀ ਪ੍ਰੇਮ ਭੂਸ਼ਣ ਗੋਇਲ ਨੇ ਇਸ ਦੀ ਸੁਧਾਈ ਕੀਤੀ ਹੈ। ਮੈਨੂੰ ਪੂਰਣ ਵਿਸ਼ਵਾਸ ਹੈ ਕਿ ਪੰਜਾਬੀ ਪਾਠਕ ਇਸ ਦਾ ਨਿੱਘਾ ਸੁਆਗਤ ਕਰਨਗੇ।

ਰਜਨੀਸ਼ ਕੁਮਾਰ<br>ਡਾਇਰੈਕਟਰ,<br>ਭਾਸ਼ਾ ਵਿਭਾਗ, ਪੰਜਾਬ

# ਸੂਚਨਾ

ਜਦ ਵਿਸ਼ਾਖਦੱਤ ਦੁਆਰਾ ਰਚਿਤ 'ਦੇਵੀ ਚੰਦਰ ਗੁਪਤ' ਨਾਟਕ ਦੇ ਕੁਝ ਅੰਸ਼ਾਂ ਦੇ 'ਸ਼ਿੰਗਾਰ ਪ੍ਰਕਾਸ਼' ਤੇ 'ਨਾਟਯ ਦਰਪਣ' ਵਿਚੋਂ ਸੰਨ 1923 ਦੀਆਂ ਇਤਿਹਾਸਕ ਪਤ੍ਰਿਕਾਵਾਂ 'ਚ ਹਵਾਲੇ ਦਿੱਤੇ ਗਏ, ਤਦ ਚੰਦਰ ਗੁਪਤ ਵਿਕਰਮਾਦਿੱਤ ਦੂਜੇ ਦੇ ਜੀਵਨ ਸਬੰਧੀ ਜਿਨ੍ਹਾਂ ਨਵੀਆਂ ਗੱਲਾਂ ਤੇ ਚਾਨਣਾ ਪਿਆ, ਉਨ੍ਹਾਂ ਨਾਲ ਇਤਿਹਾਸ ਦੇ ਵਿਦਵਾਨਾਂ 'ਚ ਚੰਗੀ ਹਲ-ਚਲ ਪੈਦਾ ਹੋਈ। ਸ਼ਾਸਤਰੀ ਮਨੋਬਿਰਤੀ ਰੱਖਣ ਵਾਲਿਆਂ ਨੂੰ ਚੰਦਰ ਗੁਪਤ ਦੇ ਨਾਲ ਧਰੁਵਸਵਾਮਿਨੀ ਦਾ ਪੁਨਰ-ਵਿਆਹ ਅਸੰਭਵ, ਵਿਲੱਖਣ ਤੇ ਕੰਝਾ ਜਿਹਾ ਦਿਸਿਆ। ਇੱਥੋਂ ਤਕ ਕਿ ਅੱਠਵੀਂ ਸਦੀ ਦੇ ਲਿਖੇ
ਤਾਮਰ-ਪੱਤਰ :

हत्वा भ्रातरमेव राज्य महरद्दैवीं स दीनस्तथा।
लक्ष कोटिमलेखयन् किल कलौ दाता सगुप्तान्वयः।

*(ਭਾਈ ਨੂੰ ਮਾਰ ਕੇ ਉਸ ਦੀਨ ਨੇ ਰਾਜ ਤੇ ਦੇਵੀ ਨੂੰ ਪ੍ਰਾਪਤ ਕੀਤਾ ਤੇ ਕਲਯੁਗ 'ਚ ਉਸ ਦਾਤਾ ਗੁਪਤ-ਸੰਤਾਨ ਨੇ ਲੱਖਾਂ-ਕ੍ਰੋੜਾਂ ਹੀ ਤਾਮਰ-ਪੱਤਰ ਲਿਖਵਾਏ।)*

-ਦੇ ਪਾਠ ਸਬੰਧੀ ਵੀ ਸ਼ੱਕ ਕੀਤਾ ਜਾਣ ਲੱਗਾ। ਪਰ ਜਿਸ ਇਤਿਹਾਸਕ ਘਟਨਾ ਦਾ ਵਰਣਨ ਕਰਦੇ ਹੋਏ ਬਾਣਭੱਟ ਨੇ ਸੱਤਵੀਂ ਸਦੀ 'ਚ ਲਿਖਿਆ ਸੀ:-

अरिपुरेच परकलन कामुकं कामिनीवेश –
श्चन्द्रगुप्तो शकपतिमशातयत्।

*(ਦੁਸ਼ਮਨ ਦੇ ਨਗਰ 'ਚ ਚੰਦਰਗੁਪਤ ਨੇ (ਮੌਤ ਦੀ ਪਰ-ਇਸਤ੍ਰੀ — ਕਾਮੀ ਸ਼ਕ-ਪਤੀ ਨੂੰ ਇਸਤ੍ਰੀ ਵੇਸਧਾਰੀ ਨੀਂਦੇ) ਸੁਆ ਦਿੱਤਾ ।)*

ਅਤੇ ਯਾਰਵੀਂ ਸਦੀ 'ਚ ਰਾਜ ਸ਼ੇਖਰ ਨੇ ਵੀ ਲਿਖਿਆ ਹੈ :—

दत्वारुद्ध गति खसाधिपतये देवी ध्रुवस्वामिनीम् ।
यस्मात् खंडित साहसो निववृते श्री रामगुप्तोनृपः ।

(ਦੇਵੀ ਧਰੁਵਸਵਾਮਿਨੀ ਨੂੰ ਖਜ-ਰਾਜਾ ਦੀ ਭੇਟ ਕਰ ਕੇ ਉਸ ਦੀ ਗਤੀ ਨੂੰ ਰੋਕ ਪਾਉਣ ਵਾਲੇ ਰਾਜਾ ਰਾਮ ਗੁਪਤ ਨੂੰ, ਜਿਸ ਦਾ ਸਾਹਸ ਟੁੱਟ ਚੁੱਕਾ ਸੀ, ਨਿਵਿਰਤ ਕਰ ਦਿਤਾ ਗਿਆ।)

—ਉਹ ਘਟਨਾ ਸਿਰਫ਼ ਦੰਦ-ਕਥਾ ਕਹਿ ਕੇ ਟਾਲੀ ਨਹੀਂ ਜਾ ਸਕਦੀ । ਵਿਸ਼ਾਖਦੱਤ ਨੂੰ ਤਾਂ ਸ੍ਰੀ ਜਾਯਸਵਾਲ ਨੇ ਚੰਦਰ ਗੁਪਤ ਦੀ ਸਭਾ ਦਾ ਰਾਜ-ਕਵੀ ਤੇ ਉਸ ਦੇ 'ਦੇਵੀ ਚੰਦਰ ਗੁਪਤ' ਨੂੰ ਜੀਵਨ ਚਿਤਰਨ ਵਾਲਾ ਨਾਟਕ ਵੀ ਮੰਨਿਆ ਹੈ । ਇਹ ਸਵਾਲ ਜ਼ਰੂਰ ਹੀ ਜਿਗਿਆਸਾ-ਪੂਰਣ ਹੈ ਕਿ ਵਿਸ਼ਾਖਦੱਤ ਨੇ ਆਪਣੇ ਦੋਵਾਂ ਨਾਟਕਾਂ ਦਾ ਨਾਇਕ ‘ਚੰਦਰ ਗੁਪਤ' ਨਾਂ ਦੇ ਵਿਅਕਤੀ ਨੂੰ ਹੀ ਕਿਉਂ ਬਣਾਇਆ? ਪ੍ਰੰਤੂ ਸ੍ਰੀ ਤੈਲੰਗ ਨੇ ਤਾਂ ਵਿਸ਼ਾਖਦੱਤ ਨੂੰ ਸੱਤਵੀਂ ਸਦੀ ਦੇ ਅਵੰਤੀਵਰਮਾ ਦਾ ਆਸ਼ਰਿਤ ਕਵੀ ਮੰਨਿਆ ਹੈ। ਕਿਉਂਕਿ 'ਮੁਦਰਾ-ਰਾਖਸ਼ਸ' ਦੀ ਕਿਸੇ ਪ੍ਰਾਚੀਨ ਪ੍ਰਤੀ ਵਿਚ ਉਨ੍ਹਾਂ ਨੂੰ 'ਮੁਦਰਾ-ਰਾਖਸ਼ਸ' ਦੇ ਭਰਤ ਵਾਕ 'ਚ 'ਪ੍ਰਾਰਥਿਵਸ਼ ਚੰਦਰ ਗੁਪਤ' ਦੀ ਥਾਂ 'ਪ੍ਰਾਰਥਿਵਅਵੰਤੀ ਵਰਮਾ' ਵੀ ਮਿਲਿਆ ਹੈ। ਵਿਸ਼ਾਖਦੱਤ ਦੇ ਆਲੋਚਕ ਉਸ ਨੂੰ ਇਕ ਪ੍ਰਮਾਣੀਕ ਇਤਿਹਾਸਕ ਨਾਟਕਕਾਰ ਮੰਨਦੇ ਹਨ। ਉਸ ਦੇ ਲਿਖੇ ਹੋਏ ਨਾਟਕ 'ਚ ਇਤਿਹਾਸ ਦਾ ਕੁਝ ਵੀ ਅੰਸ਼ ਨਾ ਹੋਵੇ, ਇਹ ਤਾਂ ਨਹੀਂ ਮੰਨਿਆ ਜਾ ਸਕਦਾ । ਰਾਖਾਲ ਦਾਸ ਬੈਨਰਜੀ, ਪ੍ਰੋਫ਼ੈਸਰ ਅਲਤੇਕਰ ਤੇ ਸ੍ਰੀ ਜਾਯਸਵਾਲ ਆਦਿ ਨੇ, ਦੂਜੇ ਪ੍ਰਮਾਣੀਕ ਆਧਾਰ ਮਿਲਣ ਕਾਰਣ ਧਰੁਵਸਵਾਮਿਨੀ ਤੇ ਚੰਦਰ ਗੁਪਤ ਦੇ ਪੁਨਰ-ਵਿਆਹ ਨੂੰ ਇਤਿਹਾਸਕ ਤੱਥ ਮੰਨ ਲਿਆ ਹੈ। ਇਹ ਕਹਿਣਾ ਕਿ ਰਾਮ ਗੁਪਤ ਨਾਂ ਦਾ ਕੋਈ ਰਾਜਾ ਗੁਪਤਿਆਂ ਦੀ ਵੰਸਾਵਲੀ ਵਿਚ ਨਹੀਂ ਮਿਲਦਾ ਤੇ ਨਾ ਹੀ ਕਿਸੇ ਰਿਕਾਰਡ 'ਚ ਉਸ ਦਾ ਵਰਣਨ ਆਇਆ ਹੈ, ਕੋਈ ਮਹੱਤਤਾ ਨਹੀਂ ਰਖਦਾ। ਸਮੁੰਦਰ ਗੁਪਤ ਦੇ ਸ਼ਾਸਨ ਨੂੰ ਲੰਘ ਕੇ, ਕੁਝ ਦਿਨਾਂ ਤਕ ਸਾਮਰਾਜ 'ਚ ਉਪੱਦਰ ਮਚਾ ਕੇ, ਜਿਹੜਾ ਰਾਜਨੀਤੀ ਦੇ ਖੇਤਰ ਤੋਂ ਓਹਲੇ ਹੋ ਗਿਆ ਹੋਵੇ, ਉਸ ਦਾ ਰਿਕਾਰਡ ਵੰਸ਼ਾਵਲੀ

'ਚ ਨਾ ਮਿਲੇ ਤਾਂ ਕੋਈ ਅਚੰਭਾ ਨਹੀਂ। ਹਾਂ, ਭੰਡਾਰਕਰ ਜੀ ਤਾਂ ਕਹਿੰਦੇ ਹਨ ਕਿ 'ਉਸ ਦੇ ਥੋੜ੍ਹ-ਚਿਰੇ ਸ਼ਾਸਨ ਦਾ ਸੂਚਕ ਸਿੱਕਾ ਵੀ ਚਲਿਆ ਸੀ । 'ਕਾਚ' ਦੇ ਨਾਂ ਨਾਲ ਪ੍ਰਸਿੱਧ ਜੋ ਗੁਪਤ ਸਿੱਕੇ ਮਿਲਦੇ ਹਨ, ਉਹ ਰਾਮ ਗੁਪਤ ਦੇ ਹੀ ਹਨ । ਰਾਮ ਦੀ ਜਗ੍ਹਾਂ, 'ਕਾਚ' ਗ਼ਲਤੀ ਕਾਰਣ ਪੜ੍ਹਿਆ ਜਾਂਦਾ ਸੀ । ਇਸ ਲਈ ਬਾਣਭੱਟ ਦੀ ਲਿਖੀ ਘਟਨਾ, ਅਰਥਾਤ ਇਸਤ੍ਰੀ-ਵੇਸਧਾਰੀ ਚੰਦਰ ਗੁਪਤ ਦਾ ਪਰ-ਇਸਤ੍ਰੀ-ਕਾਮੀ ਸ਼ਕ-ਰਾਜ ਨੂੰ ਮਾਰਨਾ ਤੇ ਧਰੁਵਸਵਾਮਿਨੀ ਦਾ ਪੁਨਰ-ਵਿਆਹ ਆਦਿ ਵਿਚ ਇਤਿਹਾਸਕ ਸਚਾਈ ਹੋਣ ਦਾ ਸ਼ੱਕ ਨਹੀਂ ਰਹਿਣ ਦਿੰਦਾ ਤੇ ਮੈਨੂੰ ਤਾਂ ਇਸ ਸਬੰਧੀ ਖੁਦ ਚੰਦਰ ਗੁਪਤ ਵਲੋਂ ਇਕ ਪ੍ਰਮਾਣ ਮਿਲਿਆ ਹੈ । ਚੰਦਰ ਗੁਪਤ ਦੇ ਕੁਝ ਸਿੱਕਿਆਂ ਤੇ 'ਰੂਪਕ੍ਰਿਤੀ' ਸ਼ਬਦ ਉੱਕਰਿਆ ਹੋਇਆ ਹੈ। ਜਾਨ ਏਲਨ ਨੇ ਖਿੱਚ-ਧੂਹ ਕੇ 'ਰੂਪ ਤੇ ਆਕ੍ਰਿਤੀ ਦਾ, ਜੋ ਸਰੀਰਕ ਤੇ ਅਧਿਆਤਮਕ ਅਰਥ ਕੀਤਾ ਹੈ, ਉਹ ਵਿਅਰਥ ਹੈ। 'ਰੂਪਕ੍ਰਿਤੀ' ਪ੍ਰਸਿਧੀ ਦਾ ਵਰਣਨ ਕਰ ਕੇ ਚੰਦਰ ਗੁਪਤ ਆਪਣੇ ਉਸ ਸਾਹਸੀ ਕੰਮ ਦੀ ਪ੍ਰਵਾਨਗੀ ਦਿੰਦਾ ਹੈ ਜਿਹੜਾ ਧਰੁਵਸਵਾਮਿਨੀ ਦੀ ਰੱਖਿਆ ਲਈ ਉਸ ਨੇ ਰੂਪ ਬਦਲ ਕੇ ਕੀਤਾ ਹੈ ਤੇ ਜਿਸ ਦਾ ਪਿਛਲੇ ਕਾਲ ਦੇ ਲੇਖਕਾਂ ਨੇ ਵੀ ਸਮੇਂ ਸਮੇਂ ਤੇ ਪ੍ਰੜਤਾ ਕੀਤੀ ਹੈ ।

ਵਿਸ਼ਾਖਦੱਤ ਦੇ 'ਦੇਵੀ ਚੰਦਰ ਗੁਪਤ' ਨਾਟਕ ਦਾ ਜਿੰਨਾ ਅੰਸ਼ ਸਾਮ੍ਹਣੇ ਆਇਆ ਹੈ, ਉਸ ਨੂੰ ਵੇਖ ਕੇ ਅਬੁਲਹਸਨ ਅਲੀ ਦੀ 'ਬਰਕਮਾਰਿਸ' ਵਾਲੀ ਕਥਾ ਨਾਲ ਮੇਲ ਕੇ ਕਈ ਇਤਿਹਾਸਕ ਵਿਦਵਾਨਾਂ ਨੇ ਸ਼ਾਸਤਰੀ ਦ੍ਰਿਸ਼ਟੀਕੋਣ ਰੱਖਣ ਵਾਲੇ ਆਲੋਚਕਾਂ ਨੂੰ ਉੱਤਰ ਦਿੰਦੇ ਹੋਏ ਧਰੁਵਦੇਵੀ ਦੇ ਪੁਨਰ-ਵਿਆਹ ਨੂੰ ਇਤਿਹਾਸਕ ਤੱਥ ਤਾਂ ਮੰਨ ਲਿਆ ਹੈ, ਪਰ ਭੰਡਾਰਕਰ ਜੀ ਨੇ ਪਰਾਸ਼ਰ ਤੇ ਨਾਰਦ ਦੀਆਂ ਸਿਮਰਤੀਆਂ ਤੋਂ ਉਸ ਕਾਲ ਦੀ ਸਮਾਜਕ ਵਿਵਸਥਾ ਵਿਚ ਪੁਨਰ-ਵਿਆਹ ਹੋਣ ਦਾ ਪ੍ਰਮਾਣ ਵੀ ਦਿਤਾ ਹੈ । ਸ਼ਾਸਤਰਾਂ ਵਿਚ ਅਨੁਕੂਲ ਤੇ ਪ੍ਰਤੀਕੂਲ ਦੋਵੇਂ ਭਾਂਤ ਦੀਆਂ ਸੂਚਨਾਵਾਂ ਮਿਲਣ, ਤਾਂ ਇਤਿਹਾਸ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਦੀ ਉਸ ਕਾਲ 'ਚ ਸੰਭਾਵਨਾ ਮੰਨੀ ਜਾਵੇਗੀ । ਰਾਂ, ਸਮੇਂ ਸਮੇਂ ਤੇ ਉਨ੍ਹਾਂ 'ਚ ਵਿਰੋਧ ਤੇ ਸੁਧਾਰ ਹੋਏ ਹੋਣਗੇ ਤੇ ਹੁੰਦੇ ਰਹਿਣਗੇ । ਮੈਂ ਤਾਂ ਕੇਵਲ ਇਹੋ ਵੇਖਣਾ ਹੈ ਕਿ ਇਸ ਘਟਨਾ ਦੀ ਸੰਭਾਵਨਾ ਇਤਿਹਾਸਕ ਦ੍ਰਿਸ਼ਟੀ ਨਾਲ ਉਚਿਤ ਹੈ ਜਾਂ ਨਹੀਂ।

ਭਾਰਤੀ ਦ੍ਰਿਸ਼ਟੀਕੋਣ ਨੂੰ ਸੁਰੱਖਿਅਤ ਰੱਖਣ ਵਾਲੇ ਵਿਸ਼ਾਖਦੱਤ ਜਿਹੇ ਪੰਡਿਤ ਨੇ ਜਦ ਆਪਣੇ ਨਾਟਕ 'ਚ ਲਿਖਿਆ ਹੈ : --

**रम्यांचारतिकारिणीच करुणाशोकेन नीता दशाम्**
**तत्कालोपगतेन राहुशिरसा गुप्तेव चांद्रीकला ।**
**पत्युः क्लीवजनोचितेन चरितेनानेव पुंसः सतो**

**लज्जा कोपविषाद भीत्यरतिभिः क्षत्रीकृता ताम्यते ।।**

(ਜਿਵੇਂ ਰਾਹੂ ਦੇ ਮੂੰਹ 'ਚ ਹੁਣੇ ਆਈ ਚੰਦਰਕਲਾ ਆਪਣੀ ਸੁੰਦਰਤਾ ਗੁਆ ਦਿੰਦੀ ਹੈ, ਉਸੇ ਤਰ੍ਹਾਂ ਦੁੱਖ ਤੇ ਸੋਗ ਦੀ ਪ੍ਰਾਪਤੀ ਤੇ ਉਸ ਸੁੰਦਰੀ ਦੀ ਦਸ਼ਾ ਹੋ ਗਈ ਸੀ। ਪਤੀ ਦੇ ਨਪੁੰਸਕਾਂ ਵਾਂਗ ਚਰਿਤਰ ਕਾਰਣ, ਪੁਰਖ ਦੇ ਹੁੰਦੇ ਹੋਏ ਵੀ, ਲੱਜਾ, ਕ੍ਰੋਧ, ਦੁੱਖ, ਡਰ ਤੇ ਚਿੰਤਾ ਦੁਆਰਾ ਉਹ ਇਸਤ੍ਰੀ ਵਿਆਕੁਲ ਹੋ ਗਈ।)

ਤਾਂ ਉਸ ਦੇ ਪੂਰੇ ਨਾਟਕ ਦੇ ਸਾਮਹਣੇ ਨਾ ਹੋਣ ਤੇ ਵੀ, ਜਿਸ ਤੋਂ ਉਸ ਦੇ ਨਤੀਜੇ ਦਾ ਨਿਸ਼ਚਿਤ ਪਤਾ ਲੱਗੇ, ਉਸ ਕਾਲ ਦੀ ਸਮਾਜਕ ਵਿਵਸਥਾ ਦਾ ਕੁਝ ਸਪਸ਼ਟੀਕਰਣ ਹੋ ਹੀ ਜਾਂਦਾ ਹੈ।

ਨਾਰਦ ਤੇ ਪਰਾਸ਼ਰ ਦੇ ਕਥਨਾਂ :-

**अपत्यार्थम् स्त्रियः सृष्टाः स्त्री क्षेत्र वीजिनो नराः**
**क्षेत्र बीजवते देयं नाबीजी क्षेत्रमर्हति ।** (नारद)
**नष्टे मृते प्रव्रजिते क्लीवे च पतिते पतौ ।**
**पंचस्वापत्सु नारीणां पतिरयो विधीयते ।** (पराशर)

*ਪੁੱਤਰ ਦੀ ਪ੍ਰਾਪਤੀ ਲਈ ਇਸਤ੍ਰੀਆਂ ਦੀ ਸਿਰਜਣਾ ਹੋਈ ਹੈ। ਇਸਤ੍ਰੀ ਰੂਪੀ ਖੇਤ 'ਚ ਬੀ ਪਾਉਣ ਵਾਲੇ ਪੁਰਖ ਹਨ। ਖੇਤ ਨੂੰ ਬਲਵਾਨ ਬੀ ਦੇਣਾ ਚਾਹੀਦਾ ਹੈ। ਅਜਿਹੇ ਖੇਤ 'ਚ ਬੀ ਪਾਉਣਾ ਯੋਗ ਨਹੀਂ ਹੈ ਜਿੱਥੋਂ ਬੀ ਉੱਗੇ ਹੀ ਨਾ।* (ਨਾਰਦ)

*ਨਾਸ ਹੋਣ ਤੇ, ਮਰ ਜਾਣ ਤੇ, ਪਰਦੇਸੀ ਅਤੇ ਨਪੁੰਸਕ ਪਤੀ ਦੇ ਕਾਰਣ— ਇਨ੍ਹਾਂ ਪੰਜਾਂ ਆਪੱਤੀਆਂ 'ਚ ਇਸਤ੍ਰੀਆਂ ਨੂੰ ਦੂਜੇ ਪਤੀ ਦੀ ਪ੍ਰਾਪਤੀ ਦਾ ਵਿਧਾਨ ਹੈ।* (ਪਰਾਸ਼ਰ)

-ਦੇ ਪ੍ਰਕਾਸ਼ 'ਚ ਜਦ 'ਦੇਵੀ ਚੰਦਰ ਗੁਪਤ' ਨਾਟਕ ਦੇ ਉਪਰਲੇ ਸ਼ਲੋਕ ਦਾ ਅਰਥ ਕੀਤਾ ਜਾਵੇ ਤਾਂ ਉਹ ਘਟਨਾ ਵਧੇਰੇ ਸਪਸ਼ਟ ਹੋ ਜਾਂਦੀ ਹੈ। 'ਰੰਿਮਆ ਹੈ ਤੇ ਅਰਤੀਕਾਰਿਣੀ ਹੈ', ਵਿਚ ਜੋ ਸਲੇਸ਼ ਹੈ, ਉਸ 'ਚ ਸ਼ਾਸਤਰ ਦੀ ਵਿਵਸਥਾ ਦੀ ਧਵਨੀ ਹੈ ਤੇ ਪਤੀ ਦੇ ਨਪੁੰਸਕਾਂ ਵਾਲੇ ਚਰਿਤ ਦਾ ਉਲੇਖ। ਨਾਲੇ 'ਖੇਤਰੀ ਕ੍ਰਿਤਾ' (ਪਤਨੀ) ਜਿਹਾ ਪਰੀਭਾਸ਼ਕ ਸ਼ਬਦ ਨਾਟਕਕਾਰ ਨੇ ਕੁਝ ਸੋਚ ਵਿਚਾਰ ਕੇ ਹੀ ਲਿਖਿਆ ਹੋਵੇਗਾ।

ਭੰਡਾਰਕਰ ਤੇ ਜਾਯਸਵਾਲ ਜੀ ਦੋਵਾਂ ਨੇ ਹੀ ਆਪਣੇ ਲੇਖਾਂ 'ਚ ਵਿਧਵਾ ਨਾਲ ਪੁਨਰ-ਵਿਵਾਹ ਦੀ ਵਿਵਸਥਾ ਮੰਨ ਕੇ ਧਰੁਵ ਦੇਵੀ ਦਾ ਪੁਨਰ-ਵਿਵਾਹ ਸਵੀਕਾਰਿਆ ਹੈ। ਪਰ ਸਿਮਰਤੀ ਦੀ ਹੀ ਉਪਰਲੀ ਵਿਵਸਥਾ 'ਚ ਦੂਜਾ ਪਤੀ ਗ੍ਰਹਿਣ ਕਰਨ ਲਈ ਜਿਨ੍ਹਾਂ

ਪੰਜਾਂ ਬਾਨ੍ਹਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ 'ਚ ਮੌਤ ਹੋਣ ਤੇ ਹੀ ਤਾਂ ਵਿਧਵਾ ਦਾ ਪੁਨਰ-ਵਿਆਹ ਹੋਵੇਗਾ ? ਦੂਜੀਆਂ ਚਾਰ ਬਾਨਾਂ ਤਾਂ ਪਤੀ ਦੇ ਜੀਵਨ-ਕਾਲ 'ਚ ਹੀ ਵਾਪਰਦੀਆਂ ਹਨ।

ਦੂਜੇ ਪਾਸੇ ਜਾਯਸਵਾਲ ਜੀ ਚੰਦਰ ਗੁਪਤ ਕੋਲੋਂ ਰਾਮ ਗੁਪਤ ਦੀ ਹੱਤਿਆ ਹੋਣਾ ਵੀ ਨਹੀਂ ਮੰਨਣਾ ਚਾਹੁੰਦੇ । ਤਦ 'ਦੇਵੀ ਚੰਦਰ ਗੁਪਤ' ਨਾਟਕ ਦੀ ਕਥਾ ਦਾ ਅੰਤ ਕਿਵੇਂ ਹੋਇਆ ਹੋਵੇਗਾ ? ਵਿਆਹ ਸਬੰਧੀ ਵਿਸ਼ਿਆਂ ਦਾ ਜ਼ਿਕਰ ਸਿਮਰਤੀਆਂ ਨੂੰ ਛੱਡ ਕੇ ਕੀ ਹੋਰ ਕਿਤੇ ਨਹੀਂ ਹੈ ? ਕਿਉਂਕਿ ਸਿਮਰਤੀਆਂ ਦੇ ਸੰਬੰਧ 'ਚ ਤਾਂ ਇਹ ਹੀ ਕਿਹਾ ਜਾ ਸਕਦਾ ਹੈ ਕਿ ਉਹ ਇਸ ਯੁਗ ਲਈ ਨਹੀਂ, ਦੂਸਰੇ ਯੁਗ ਲਈ ਹਨ। ਪਰ ਇਸੇ ਕਲਯੁਗ ਦੇ ਵਿਧਾਨ ਗਰੰਥ, ਅਚਾਰੀਆ ਕੋਟਿਲਿਆ ਦੇ ਅਰਥ ਸ਼ਾਸਤ੍ਰ 'ਚ ਮੈਨੂੰ ਇਨ੍ਹਾਂ ਸਿਮਰਤੀਆਂ ਦੀ ਪੁਸ਼ਟੀ ਮਿਲੀ ਹੈ ।

ਕਿਸ ਹਾਲਤ 'ਚ ਇਕ ਪਤੀ ਦੂਜੀ ਇਸਤ੍ਰੀ ਗ੍ਰਹਿਣ ਕਰ ਸਕਦਾ ਹੈ, ਇਸ ਦੀ ਖੋਜ ਕਰਦੇ ਹੋਏ, ਧਰਮਸਥੀਆਂ ਪ੍ਰਕਰਣ ਦੇ ਵਿਆਹ ਸੰਯੁਕਤ 'ਚ ਅਚਾਰੀਆ ਕੋਟਿਲਿਆ ਲਿਖਦੇ ਹਨ:-

**वर्षाण्यष्टा वप्रजायमानामपुत्राम् वंध्यां चाकाँक्षेत् दशविन्दु ॥**
**द्वादश कन्या प्रसविनीम् ततः पुत्रार्थी द्वितीयाँ विदेत् ।।**

*-ਅੱਠਾਂ ਸਾਲਾਂ ਤਕ ਵਾਂਜਿਆਂ, ਦੱਸਾਂ ਸਾਲਾਂ ਤਕ ਬਿੰਦੂ (ਅਰਥਾਤ ਜਿਸ ਇਸਤ੍ਰੀ ਦਾ ਗਰਭ-ਪਾਤ ਹੋ ਜਾਵੇ) ਬਾਰ੍ਹਾਂ ਸਾਲਾਂ ਤਕ ਪੁੱਤਰੀਆਂ ਨੂੰ ਜਨਮ ਦੇਣ ਵਾਲੀ ਦੀ ਪ੍ਰਤੀਖਿਆ ਕਰ ਕੇ ਪੁੱਤਰ ਪ੍ਰਾਪਤੀ ਦਾ ਇੱਛਾਵਾਨ ਦੂਸਰੀ ਇਸਤ੍ਰੀ ਣਹਗ੍ਰਿ ਕਰ ਸਕਦਾ ਹੈ । ਮਰਦਾਂ ਦਾ ਅਧਿਕਾਰ ਦੱਸ ਕੇ ਇਸਤ੍ਰੀਆਂ ਦੇ ਅਧਿਕਾਰ ਦੀ ਘੋਸ਼ਣਾ ਵੀ ਉਸੇ ਅਧਿਆਇ ਦੇ ਅੰਤ 'ਚ ਕੀਤੀ ਹੈ।*

**नीचत्वम् परदेशम् वा प्रस्थितो राजकिल्विषी ।**
**प्राणाभिहंता पतितस्त्याज्यः क्लीवोपिवापतिः ।।**

(ਨੀਚਤਾ ਨੂੰ ਪ੍ਰਾਪਤ ਹੋਏ, ਪਰਦੇਸ ਜਾਣ ਵਾਲੇ, ਰਾਜ ਅਪਰਾਧੀ, ਪ੍ਰਾਣਘਾਤੀ, ਪਤਿਤ ਤੇ ਨਪੁੰਸਕ ਪਤੀ ਦਾ ਤਿਆਗ ਯੋਗ ਹੈ ।)

*-ਇਸ ਦਾ ਮੇਲ ਪਰਾਸ਼ਰ ਜਾਂ ਨਾਰਦ ਦੇ ਵਾਕਾ ਨਾਲ ਮਿਲਦਾ ਹੈ । ਇਨ੍ਹਾਂ ਹੀ ਹਾਲਤਾਂ 'ਚ ਪਤੀ ਨੂੰ ਛੱਡਣ ਦਾ ਅਧਿਕਾਰ ਇਸਤ੍ਰੀਆਂ ਨੂੰ ਸੀ, ਕਿਉਂਕਿ ਅਰਥ-ਸ਼ਾਸਤਰ*

*'ਚ ਅੱਗੇ ਜੋ 'ਮੋਕਸ਼' Divorce (ਤਲਾਕ) ਦਾ ਪ੍ਰਸੰਗ ਆਉਂਦਾ ਹੈ, ਉਸ 'ਚ ਅਦਾਲਤ ਸ਼ਾਇਦ*

**श्रमोक्षा भतुं रकामस्य द्विषती भार्या भार्यायाश्च भर्ती, परस्पर द्वेषान्मोक्षः**

(ਕਾਮਨਾ ਪੂਰਤੀ ਨਾ ਕਰਨ ਵਾਲਾ ਪਤੀ ਵਿਰੋਧੀ ਜਾਂ ਦਵੇਸ਼ ਕਰਨ ਵਾਲੀ ਪਤਨੀ ਤੇ ਪਤਨੀ ਲਈ ਦਵੇਸ਼ੀ ਪਤੀ, ਆਪਸੀ ਵਿਰੋਧ ਜਾਂ ਵੈਰ ਹੋਣ ਤੇ ਤਲਾਕ ਦੇ ਹਕਦਾਰ ਹਨ) ਦੇ ਆਧਾਰ ਤੇ ਆਦੇਸ਼ ਦਿੰਦਾ ਸੀ । ਪਰ ਸਾਧਾਰਣ ਦਵੇਸ਼ ਕਾਰਣ ਵੀ ਜਿੱਥੇ ਦੂਜੇ ਚਾਰ ਵਿਆਹਾਂ 'ਚ ਤਲਾਕ ਹੋ ਸਕਦਾ ਸੀ, ਉਥੇ ਧਰਮ ਵਿਆਹਾਂ 'ਚ ਸਿਰਫ਼ ਇਨ੍ਹਾਂ ਹਾਲਤਾਂ 'ਚ ਹੀ ਪਤੀ-ਤਿਆਗ (ਤਲਾਕ) ਸਮਝਿਆ ਜਾਂਦਾ ਸੀ । ਨਹੀਂ ਤਾਂ

**श्रमोक्षो हि धर्म-विवाहानाम् ।।**

(ਧਰਮ-ਵਿਆਹਾਂ 'ਚ ਤਲਾਕ ਕਦੀ ਨਹੀਂ) ਦੇ ਅਨੁਸਾਰ ਧਰਮ-ਵਿਆਹਾਂ 'ਚ ਤਲਾਕ ਨਹੀਂ ਹੁੰਦਾ ਸੀ । ਦਮਯੰਤੀ ਦੇ ਪੁਨਰ-ਵਿਆਹ ਦੀ ਘੋਸ਼ਣਾ ਵੀ ਪਤੀ ਦੇ ਮਰਨ ਜਾਂ ਪਰਦੇਸ 'ਚ ਹੋਣ ਕਾਰਣ ਹੀ ਕੀਤੀ ਗਈ ਸੀ ।

ਜਾਯਸਵਾਲ ਜੀ ਅਬੁਲ ਹਸਨ ਅਲੀ ਦੀ ਇਹ ਗੱਲ ਨਹੀਂ ਮੰਨਦੇ ਕਿ ਚੰਦਰ ਗੁਪਤ ਨੇ ਰਾਮ ਗੁਪਤ ਦੀ ਹੱਤਿਆ ਕੀਤੀ ਹੋਵੇਗੀ । ਉਹ ਕਹਿੰਦੇ ਹਨ ਕਿ ਚੰਦਰ ਗੁਪਤ ਤਾਂ ਭਰਤ ਵਾਂਗ ਵੱਡੇ ਭਾਈ ਲਈ ਗੱਦੀ ਛੱਡ ਚੁੱਕਾ ਸੀ । ਉਨ੍ਹਾਂ ਦਾ ਅਨੁਮਾਨ ਹੈ "ਇਹ ਜ਼ਿਆਦਾ ਸੰਭਵ ਹੈ ਕਿ ਇਹ ਉਨ੍ਹਾਂ ਦੀ ਵਧਦੀ ਲੋਕ-ਪ੍ਰਿਯਤਾ ਕਾਰਨ ਹੀ ਹੋਇਆ ਹੋਵੇ ।"

ਹੁਣ ਨਾਟਕਕਾਰ ਦੇ 'ਅਰਤੀਕਾਰਣੀ' (ਵਾਸ਼ਨਾ ਪੈਦਾ ਨਾ ਕਰਨ ਵਾਲੀ, ਜਾਂ ਵਿਯੋਗ ਕਾਰਨ ਦੁਖੀ) ਤੇ 'ਕਲੀਵ' (ਨਪੁੰਸਕ) ਆਦਿ ਸ਼ਬਦ ਘਟਨਾ ਦੇ ਅੰਤ ਦੀ ਕੀ ਸੂਚਨਾ ਦਿੰਦੇ ਹਨ, ਇਹ ਵਿਚਾਰ-ਗੋਚਰੇ ਹੈ। ਬਹੁਤ ਸੰਭਵ ਹੈ ਕਿ ਅਬੁਲਹਸਨ ਅਲੀ ਦੀ ਕਥਾ ਦਾ ਆਧਾਰ 'ਦੇਵੀ ਚੰਦਰਗੁਪਤ' ਨਾਟਕ ਹੀ ਹੋਵੇ ਕਿਉਂਕਿ ਅਬੁਲਹਸਨ ਦੇ ਲਿਖਣ ਤੋਂ ਪਹਿਲਾਂ ਉਪਰਲੇ ਨਾਟਕ ਦੀ ਹੋਂਦ ਮੰਨੀ ਜਾ ਸਕਦੀ ਹੈ ।

ਇਹ ਠੀਕ ਹੈ ਕਿ ਸਾਡੇ ਆਚਾਰ ਤੇ ਧਰਮ ਸ਼ਾਸਤਰਾਂ ਦੀ ਵਿਵਹਾਰਕਤਾ ਦੀ ਪਰੰਪਰਾ ਦੀ ਲੜੀ ਟੁੱਟੀ ਜਿਹੀ ਹੈ । ਇਸ ਤੋਂ ਉਪਰੰਤ ਜਿੰਨੇ ਸੁਧਾਰ ਜਾਂ ਧਰਮ ਸ਼ਾਸਤਰਾਂ ਦੇ ਪਰੀਖਿਆ-ਆਤਮਕ ਪ੍ਰਯੋਗ ਦੇਖੇ ਜਾਂ ਸੁਣੇ ਜਾਂਦੇ ਹਨ, ਉਨ੍ਹਾਂ ਨੂੰ 'ਅਣਹੋਣੇ' ਤੇ ਨਵੇਂ ਸਮਝ ਕੇ ਅਸੀਂ ਬਹੁਤ ਜਲਦੀ ਅਭਾਰਤੀ ਆਖ ਕੇ ਪੱਲਾ ਛੁਡਾ ਲੈਂਦੇ ਹਾਂ, ਪਰ ਮੇਰਾ ਅਜਿਹਾ ਵਿਸ਼ਵਾਸ ਹੈ ਕਿ ਪ੍ਰਾਚੀਨ ਆਰੀਆ ਵਰਤ ਨੇ ਸਮਾਜ ਦੀ ਲੰਮੇ ਸਮੇਂ ਤਕ ਰਹਿਣ ਵਾਲੀ ਪਰੰਪਰਾ 'ਚ ਲਗਭਗ ਹਰ ਵਿਧਾਨ ਦੀ ਅਜ਼ਮਾਇਸ਼ੀ ਵਰਤੋਂ ਕੀਤੀ ਹੈ । ਤਤਕਾਲੀ

ਕਲਿਆਣਕਾਰੀ ਪਰੀਵਰਤਨ ਵੀ ਹੋਏ ਹਨ। ਇਸੇ ਲਈ ਡੇਢ ਹਜ਼ਾਰ ਸਾਲ ਪਹਿਲਾਂ ਇਹ ਹੋਣਾ ਅਸੰਭਵ ਨਹੀਂ ਸੀ। ਕੀ ਹੋਣਾ ਚਾਹੀਦਾ ਹੈ ਤੇ ਕਿਸ ਤਰ੍ਹਾਂ ਹੋਵੇਗਾ ? ਇਹ ਵਿਚਾਰ ਤਾਂ ਵਿਵਸਥਾਪਕ ਕਰਨ; ਪਰ ਇਤਿਹਾਸ ਦੇ ਆਧਾਰ ਤੇ ਜੋ ਕੁਝ ਹੋ ਚੁੱਕਿਆ ਹੈ, ਜਾਂ ਜਿਸ ਘਟਨਾ ਦੇ ਘਟਣ ਦੀ ਸੰਭਾਵਨਾ ਹੈ, ਉਸੇ ਨੂੰ ਲੈ ਕੇ ਇਸ ਨਾਟਕ ਦੀ ਕਥਾ-ਵਸਤੂ ਦਾ ਵਿਕਾਸ ਕੀਤਾ ਗਿਆ ਹੈ।

ਭੰਡਾਰਕਰ ਜੀ ਦਾ ਮੱਤ ਹੈ ਕਿ ਇਹ ਯੁੱਧ ਗੋਮਤੀ ਦੀ ਘਾਟੀ 'ਚ ਅਲਮੋੜਾ ਜ਼ਿਲੇ ਦੇ ਕਾਰਤੀਕੇਅ ਪੁਰ ਦੇ ਨੇੜੇ ਹੋਇਆ ਸੀ। ਜਾਯਸਵਾਲ ਜੀ ਦੀ ਰਾਏ ਹੈ ਕਿ ਇਹ ਯੁੱਧ 374 ਈਸਵੀ ਤੋਂ ਲੈ ਕੇ 380 ਈਸਵੀ ਦੇ ਵਿਚਕਾਰ ਕਾਂਗੜਾ ਜ਼ਿਲੇ ਦੀ ਅਬਿਬਾਲ ਥਾਂ ਤੇ ਹੋਇਆ ਸੀ। ਪ੍ਰਯਾਗ ਦੀ ਪ੍ਰਸ਼ਸਤੀ (ਵੰਸ ਦੇ ਲਈ ਲਿਖੀ ਗਈ ਉਸਤਤ) 'ਚ ਸਮੁੰਦਰ ਗੁਪਤ ਦੀ ਸਾਮਰਾਜ-ਨੀਤੀ 'ਚ ਜਿੱਤੇ ਹੋਏ ਰਾਜਿਆਂ ਤੇ ਆਤਮ ਨਿਵੇਦਨ ‘ਕੰਨਿਆਉਪਾਯਨ ਦਾਨ' (ਕੰਨਿਆਂ ਦੀ ਭੇਟ ਦਾ ਦਾਨ) ਗ੍ਰਹਿਣ ਕਰਨ ਦਾ ਜ਼ਿਕਰ ਆਇਆ ਹੈ। ਮੈਂ ਧਰੁਵਸਵਾਮਿਨੀ ਦੇ ਗੁਪਤ-ਕੁਲ 'ਚ ਆਉਣ ਦਾ ਇਹੋ ਕਾਰਨ ਮੰਨਿਆ ਹੈ।

ਵਿਸ਼ਾਖਦੱਤ ਨੇ ਧਰੁਵਦੇਵੀ ਨਾਂ ਲਿਖਿਆ ਹੈ; ਪਰ ਮੈਨੂੰ 'ਧਰੁਵਸਵਾਮਿਨੀ' ਨਾਂ ਜਿਹੜਾ ਰਾਜਸ਼ੇਖਰ ਦੇ ਮਕਤਕ ਵਿਚ ਆਇਆ ਹੈ, ਇਸਤ੍ਰੀਆਂ ਦੇ ਯੋਗ, ਸੁੰਦਰ, ਆਦਰ-ਸੂਚਕ ਤੇ ਸਾਰਥਕ ਪ੍ਰਤੀਤ ਹੋਇਆ ਹੈ। ਇਸ ਲਈ ਮੈਂ ਉਸ ਨਾਂ ਦਾ ਹੀ ਪ੍ਰਯੋਗ ਕੀਤਾ ਹੈ।

ਜੈ ਸ਼ੰਕਰ ਪ੍ਰਸਾਦ

ਚੇਤਰ ਸ਼ੁਕਲ-1.
ਸੰ: 1990।

# ਧਰੁਵ ਸਵਾਮਿਨੀ

# ਪਹਿਲਾ ਅੰਕ

(ਕੈਂਪ ਦਾ ਪਿਛਲਾ ਹਿੱਸਾ, ਜਿਸ ਦੇ ਪਿੱਛੇ ਪਹਾੜਾਂ ਦੀ ਕਧ ਹੈ, ਕੈਂਪ ਦੀ ਇਕ ਨੁੱਕਰ ਵਿਖਾਈ ਦਿੰਦੀ ਹੈ । ਇਸ ਦੇ ਨਾਲ ਹੀ ਇਕ ਸ਼ਾਮਿਆਨਾ ਵਿਖਾਈ ਦਿੰਦਾ ਹੈ । ਜਰੀ ਦੇ ਕੰਮ ਵਾਲੇ ਸੁਨਹਿਰੀ ਪਰਦੇ ਮੋਟੀਆਂ ਮੋਟੀਆਂ ਡੋਰੀਆਂ ਨਾਲ ਥੰਮਾਂ ਨਾਲ ਬੱਧੇ ਹੋਏ ਹਨ । ਦੋ ਤਿੰਨ ਸੁਹਣੀਆਂ ਚੌਂਕੀਆਂ ਰੱਖੀਆਂ ਹੋਈਆਂ ਹਨ । ਸ਼ਾਮਿਆਨੇ ਤੇ ਪਹਾੜੀ ਦੇ ਵਿਚਕਾਰ ਇਕ ਛੋਟਾ ਜਿਹਾ ਕੁੰਜ ਹੈ । ਪਹਾੜੀ ਤੋਂ ਇਕ ਪਤਲੀ ਜਲ-ਧਾਰ ਉਸ ਹਰਿਆਲੀ 'ਚ ਵਗਦੀ ਹੈ । ਝਰਨੇ ਦੇ ਲਾਗੇ ਪੱਥਰਾਂ ਨਾਲ ਲਗਦੀਆਂ ਵੇਲਾਂ ਦੀਆਂ ਟਾਹਣੀਆਂ ਹਵਾ 'ਚ ਹਿਲਦੀਆਂ ਹਨ । ਛੋਟੇ-ਵੱਡੇ ਦੋ ਚਾਰ ਰੁੱਖ ਹਨ ਜਿਨ੍ਹਾਂ ਤੇ ਫਲਾਂ-ਲੱਦੀ ਸੇਵਤੀ ਦੀ ਵੇਲ ਛੋਟਾ ਜਿਹਾ ਝੁਰਮੁਟ ਬਣਾ ਰਹੀ ਹੈ ।
ਕੈਂਪ ਦੀ ਨੁਕਰੋਂ ਧਰੁਵਸਵਾਮਿਨੀ ਆਉਂਦੀ ਹੈ । ਉਸ ਦੇ ਪਿੱਛੇ ਇੱਕ ਲੰਮੀ ਤੇ ਕਰੂਪ ਔਰਤ ਨੰਗੀ ਤਲਵਾਰ ਲਈ ਚੁੱਪਚੁਪੀਤੀ ਆਉਂਦੀ ਹੈ) ।

ਧਰੁਵਸਵਾਮਿਨੀ : (ਸਾਹਮਣੇ ਪਹਾੜ ਵੱਲ ਤੱਕ ਕੇ) ਸਿੱਧਾ ਤਣਿਆ ਹੋਇਆ, ਆਪਣੀ ਪ੍ਰਭੁਤਾ ਦੀ ਸਾਖਿਆਤ ਕਠੋਰਤਾ, ਆਕਾਸ਼ ਨੂੰ ਵਿੰਨ੍ਹ ਦੇਣ ਵਾਲਾ ਵਿਸ਼ਾਲ ਸਿਖਰ। ਤੇ ਇਨ੍ਹਾਂ ਛੋਟੀਆਂ, ਕੋਮਲ ਤੇ ਭੋਲੀਆਂ ਵੇਲਾਂ ਨੂੰ ਤੇ ਬੂਟਿਆਂ ਨੂੰ ਇਸ ਦੇ ਪੈਰਾਂ ਵਿਚ ਡਿਗਣਾ ਹੀ ਚਾਹੀਦਾ ਹੈ ਨਾ ।
(ਨਾਲ ਹੀ ਕਿਰਪਾਨਧਾਰੀ ਔਰਤ ਵਲ ਤੱਕ ਕੇ)
ਕਿਉਂ, ਮੰਦਾਕਿਨੀ ਨਹੀਂ ਆਈ ? (ਉਹ ਉੱਤਰ ਨਹੀਂ ਦਿੰਦੀ) । ਬੋਲਦੀ ਕਿਉਂ ਨਹੀਂ? ਇਹ ਤਾਂ ਮੈਂ ਜਾਣਦੀ ਹਾਂ ਕਿ ਇਸ ਰਾਜ-ਕੁਲ ਦੇ ਮਹਿਲੀਂ ਮੇਰੇ ਲਈ, ਪਤਾ ਨਹੀਂ, ਕਦੋਂ ਤੋਂ ਅਕਹਿ ਅਪਮਾਨ ਇਕੱਠਾ ਹੋਇਆ ਪਿਆ ਸੀ ਜਿਹੜਾ ਮੈਨੂੰ ਆਉਂਦੀ ਨੂੰ ਮਿਲਿਆ, ਪਰ ਕੀ ਤੇਰੇ ਜਿਹੀਆਂ ਦਾਸੀਆਂ ਤੋਂ ਵੀ ਅਪਮਾਨ ਹੀ ਮਿਲੇਗਾ ? ਇਹਨਾਂ ਪਹਾੜਾਂ ਵਾਂਗ ਚੁੱਪ ਰਹਿਣ ਦਾ ਅਭਿਨਯ ਤੂੰ ਨਾ ਕਰ । ਬੋਲ । (ਉਹ ਦੰਦ ਕੱਢਦੀ ਹੋਈ ਨਿੰਮਰਤਾ ਸਹਿਤ ਕੁਝ ਹੋਰ ਅੱਗੇ ਵੱਧਣ ਦਾ ਇਸ਼ਾਰਾ ਕਰਦੀ ਹੈ) ਓਹ ! ਇਹ ਕੀ ! ਮੇਰੇ ਭਾਗ ਵਿਧਾਤਾ ! ਇਹ ਕਿਹਾ ਇੰਦਰ-ਜਾਲ ਹੈ ? ਉਸ ਦਿਨ ਸ਼ਾਹੀ ਮਹਾਂਪ੍ਰੋਹਿਤ ਨੇ ਕੁਝ ਆਹੂਤੀਆਂ ਤੋਂ ਪਿੱਛੋਂ ਮੈਨੂੰ ਜੋ ਅਸ਼ੀਰਵਾਦ ਦਿੱਤਾ ਸੀ, ਕੀ ਉਹ ਸਰਾਪ ਸੀ ? ਇਸ ਸ਼ਾਹੀ ਰਣਵਾਸ ਵਿਚ ਜਿਵੇਂ ਸਾਰੇ ਹੀ ਕੋਈ ਰਾਜ਼ ਲੁਕਾਈ ਫਿਰਦੇ ਹਨ, ਬੋਲਦੇ ਹਨ ਤੇ ਚੁੱਪ ਹੋ ਜਾਂਦੇ ਹਨ । (ਕਿਰਪਾਨਧਾਰੀ ਔਰਤ ਬੇਬਸੀ ਤੇ ਭੈ ਦਾ ਪ੍ਰਗਟਾ ਕਰਦੀ ਹੋਈ ਅੱਗੇ ਵੱਧਣ ਦਾ ਇਸ਼ਾਰਾ ਕਰਦੀ ਹੈ) ਤੇ ਕੀ ਤੂੰ ਗੰਗੀ ਹੈਂ? ਤੂੰ ਕੁਝ ਬੋਲ ਨਾ ਸਕੇ, ਮੇਰੀਆਂ ਗੱਲਾਂ ਦਾ ਉੱਤਰ ਵੀ ਨਾ ਦੇ ਸਕੇਂ, ਇਸੇ ਲਈ ਤੈਨੂੰ ਮੇਰੀ ਸੇਵਾ 'ਚ ਰੱਖਿਆ ਹੈ ? ਇਹ ਅਸਹਿ ਹੈ। ਕੀ ਇਸ ਰਾਜਕੁਲ ਵਿਚ ਇਕ ਵੀ ਸੰਪੂਰਣ ਮਨੁੱਖੀ ਰੂਪ ਦੇ ਦਰਸ਼ਨ ਨਹੀਂ ਹੋਣਗੇ? ਜਿਧੱਰ ਤੱਕ, ਕੁੱਬੇ, ਬੌਣੇ, ਖ਼ੁਸਰੇ, ਗੁੰਗੇ ਤੇ ਡੋਰੇ .... (ਚਿੜਦੀ ਹੋਈ ਧਰੁਵਸਵਾਮਿਨੀ ਅੱਗੇ ਵੱਧ ਕੇ ਝਰਨੇ ਦੇ ਕੰਢੇ ਤੇ ਬੈਠ ਜਾਂਦੀ ਹੈ । ਕਿਰਪਾਨਧਾਰੀ ਔਰਤ ਵੀ ਇਧਰ ਉੱਧਰ ਤੱਕ ਕੇ ਧਰੁਵਸਵਾਮਿਨੀ ਦੇ ਪੈਰਾਂ ਨੇੜੇ ਬਹਿ ਜਾਂਦੀ ਹੈ) ।

ਕਿਰਪਾਨਧਾਰੀ ਔਰਤ : (ਸ਼ੱਕੀ ਨਜ਼ਰਾਂ ਨਾਲ ਚੁਤਰਫੀ ਵੇਖਦੀ ਹੋਈ) ਦੇਵੀ ! ਹਰ ਥਾਂ ਤੇ ਹਰ ਸਮਾਂ ਬੋਲਣ ਦੇ ਯੋਗ ਨਹੀਂ ਹੁੰਦਾ । ਕਦੀਂ ਕਦਾਈਂ ਚੁੱਪ ਧਾਰਣ ਕਰ ਲੈਣਾ ਬੁਰੀ ਗੱਲ ਨਹੀਂ ਹੈ। ਮੈਨੂੰ ਆਪਣੀ ਦਾਸੀ ਸਮਝੋ। ਬੰਧਨਾਂ ਕਾਰਣ ਮੈਂ ਗੁੰਗੀ ਹਾਂ । ਮੇਰੇ ਤੋਂ ਕੋਈ ਸ਼ੱਕ ਨ ਕਰੇ, ਇਸ ਲਈ ਮੈਨੂੰ ਅਜਿਹਾ ਰੂਪ ਧਾਰਨਾ ਹੀ ਪੈਂਦਾ ਹੈ ।

ਧਰੁਵਸਵਾਮਿਨੀ : ਹੈਂ ! ਤੇ ਕੀ ਤੂੰ ਬੋਲਦੀ ਵੀ ਹੈਂ ? ਪਰ ਇਹ ਤਾਂ ਦੱਸ ਕਿ ਇਹ ਛਲੀਆ ਰੂਪ ਕਿਸ ਲਈ ?

ਕਿਰਪਾਨਧਾਰੀ ਔਰਤ : ਇਕ ਦੁਖੀ ਦੀ ਬੇਨਤੀ ਸੁਣਾਉਣ ਲਈ । ਕੁਮਾਰ ਚੰਦਰ ਗੁਪਤ ਨੂੰ ਆਪ ਭੁੱਲੇ ਨਹੀਂ ਹੋਵੋਗੇ ।

ਧਰੁਵਸਵਾਮਿਨੀ: (ਉਤਸੁਕਤਾ ਨਾਲ) ਉਹੀ ਨਾ, ਜਿਹੜੇ ਮੈਨੂੰ ਕੈਦੀ ਬਣਾਉਣ ਲਈ ਗਏ ਸਨ

ਕਿਰਪਾਨਧਾਰੀ ਔਰਤ: (ਦੰਦਾਂ ਥੱਲੇ ਜੀਭ ਦੱਬ ਕੇ) ਇਹ ਤੁਸੀਂ ਕੀ ਕਹਿ ਰਹੇ ਹੋ ? ਉਨ੍ਹਾਂ ਨੂੰ ਤਾਂ ਖ਼ੁਦ ਆਪਣੇ ਭਿਆਨਕ ਭਵਿੱਖ ਦਾ ਗਿਆਨ ਨਹੀਂ । ਹਰ ਪਲ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਉਨ੍ਹਾਂ ਪੁਛਿਆ ਹੈ ਕਿ 'ਮੇਰਾ ਕੀ ਅਪਰਾਧ ਹੈ ?'

ਧਰੁਵਸਵਾਮਿਨੀ : (ਉਦਾਸ ਮੁਸਕਰਾਹਟ ਨਾਲ) ਅਪਰਾਧ ! ਮੈਂ ਕੀ ਦਸਾਂ ? ਤੇ ਕੀ ਕੁਮਾਰ ਵੀ ਕੈਦੀ ਹਨ?

ਕਿਰਪਾਨਧਾਰੀ ਔਰਤ: ਕੁਝ ਅਜਿਹਾ ਹੀ ਹੈ ਦੇਵੀ ! ਮਹਾਰਾਜ ਨੂੰ ਕਹਿ ਕੇ, ਕੀ ਆਪ ਜੀ ਉਨ੍ਹਾਂ ਤੇ ਕੁਝ ਅਹਿਸਾਨ ਕਰ ਸਕੋਗੇ ?

ਧਰੁਵਸਵਾਮਿਨੀ : ਭਲਾ ਮੈਂ ਕੀ ਕਰ ਸਕਾਂਗੀ ? ਮੈਂ ਤਾਂ ਆਪਣੀ ਹੀ ਜਾਨ ਦੀ ਕੀਮਤ ਨਹੀਂ ਜਾਣ ਸਕੀ । ਮੇਰੇ ਤੇ ਰਾਜਾ ਦੀ ਕਿੰਨੀ ਕੁ ਕਿਰਪਾ ਹੈ, ਇਹ ਮੈਂ ਅੱਜ ਤਕ ਨਹੀਂ ਜਾਣ ਸਕੀ । ਮੈਂ ਤਾਂ ਕਦੀਂ ਉਨ੍ਹਾਂ ਦੇ ਮਿੱਠੇ ਬੋਲ ਸੁਣੇ ਹੀ ਨਹੀਂ । ਵਿਲਾਸੀ ਔਰਤਾਂ ਨਾਲ ਸ਼ਰਾਬ 'ਚ ਗੁੱਟ, ਉਨ੍ਹਾਂ ਨੂੰ ਆਪਣੇ ਅਨੰਦ ਮਾਣਨ ਤੋਂ ਵਿਹਲ ਕਿੱਥੇ ?

ਕਿਰਪਾਨਧਾਰੀ ਔਰਤ : ਫੇਰ ਤਾਂ ਕਿਸਮਤ ਹੀ ਕੁਮਾਰ ਦੇ ਜੀਵਨ ਦੀ ਸਹਾਇਤਾ ਕਰ

ਸਕਦੀ ਹੈ । ਉਨ੍ਹਾਂ ਨੇ ਆਪਣੇ ਪਿਤਾ ਵਲੋਂ ਮਿਲਿਆ ਅਧਿਕਾਰ ਤੇ ਰਾਜ-ਗੱਦੀ ਤਾਂ ਛੱਡੇ ਹੀ, ਇਸ ਦੇ ਨਾਲ ਹੀ ਆਪਣੀ ਅਮੁਲ ਨਿਧੀ ਵੀ-- (ਕਹਿੰਦੀ ਕਹਿੰਦੀ ਅਚਾਣਕ ਰੁਕਦੀ ਹੈ) ।

ਧਰੁਵਸਵਾਮਿਨੀ :ਆਪਣੀ ਅਮੁਲ ਨਿਧੀ ? ਉਹ ਕੀ ?

ਕਿਰਪਾਨਧਾਰੀ ਔਰਤ : ਉਹ ਬਹੁਤ ਗੁਪਤ ਗਲ ਹੈ, ਦੇਵੀ ! ਪਰ ਮੇਰੀ ਜੇ ਜਾਨ ਬਖ਼ਸ਼ੀ ਹੋਵੇ ਤਾਂ ਮੈਂ ਕਹਿ ਸਕਾਂਗੀ ।

ਧਰੁਵਸਵਾਮਿਨੀ : (ਕੁਝ ਸੋਚ ਕੇ) ਤਾਂ ਜਾਣ ਦੇ, ਭੇਤ ਭਰੀਆਂ ਗੱਲਾਂ ਤੋਂ ਮੈਂ ਘਬਰਾ ਗਈ ਹਾਂ । ਹਾਂ, ਮੈਂ ਉਨ੍ਹਾਂ ਨੂੰ ਵੇਖਿਆ ਸੀ । ਬਿਨ ਬੱਦਲ ਪੂਰਬ ਦਿਸ਼ਾ ਦਾ ਬਾਲ-ਸੂਰਜ । ਆਹ ! ਰਾਜ-ਚੱਕਰ ਸਭਨਾ ਨੂੰ ਪੀਂਹਦਾ ਹੈ । ਪੀਹਣ ਦੇ ! ਸਾਨੂੰ ਬੇ-ਸਹਾਰਿਆਂ ਨੂੰ ਤੇ ਕਮਜ਼ੋਰਾਂ ਨੂੰ ਪਿਸ ਜਾਣ ਦੇ ।

ਕਿਰਪਾਨਧਾਰੀ ਔਰਤ : ਦੇਵੀ ! ਉਹ ਵੇਲ ਜਿਹੜੀ ਝਰਨੇ ਦੇ ਨੇੜੇ ਪਹਾੜੀ ਤੇ ਚੜ ਗਈ ਹੈ, ਉਸ ਦੀਆਂ ਨਰਮ ਪੱਤੀਆਂ ਨੂੰ ਗਹੁ ਨਾਲ ਵੇਖਣ ਤੋਂ ਆਪ ਸਮਝ ਜਾਉਗੇ ਕਿ ਉਹ ਕਾਈ ਦੀ ਵੇਲ ਹੈ । ਪ੍ਰਾਣਾਂ ਦੀ ਸ਼ਕਤੀ ਵਧਾ ਲੈਣ ਨਾਲ ਉਹੀ ਕਾਈ ਜਿਹੜੀ ਤਿਲਕਣ ਬਣ ਕੇ ਸੁਟ ਸਕਦੀ ਸੀ, ਅੱਜ ਦੂਜਿਆਂ ਲਈ ਉੱਪਰ ਚੜ੍ਹਣ ਦਾ ਸਹਾਰਾ ਬਣ ਗਈ ਹੈ ।

ਧਰੁਵਸਵਾਮਿਨੀ : (ਆਕਾਸ਼ ਵਲ ਤੱਕ ਕੇ) ਉਹ, ਉਹ ਬਹੁਤ ਦੂਰ ਦੀ ਗੱਲ ਹੈ । ਆਹ! ਕਿੰਨੀ ਕਠੋਰਤਾ ਹੈ । ਮਨੁੱਖ ਦੇ ਹਿਰਦੇ 'ਚ ਦੇਵਤਾ ਨੂੰ ਹਟਾ ਕੇ ਦੈਂਤ ਕਿੱਥੋਂ ਵੜ ਜਾਂਦਾ ਹੈ ? ਕੁਮਾਰ ਦੀ ਰਸ-ਭਿੰਨੀ ਭੋਲੀ ਤੇ ਸੁੰਦਰ ਸੂਰਤ ਨੂੰ ਵੇਖ ਕੇ ਕੋਈ ਵੀ ਪਿਆਰ ਵਿਚ ਝੂਮ ਸਕਦਾ ਹੈ । ਪਰ ਉਨ੍ਹਾਂ ਦਾ ਹੀ ਭਾਈ ? ਅਸਚਰਜ !

ਕਿਰਪਾਨਧਾਰੀ ਔਰਤ : ਕੁਮਾਰ ਨੂੰ ਇੰਨੇ 'ਚ ਹੀ ਸੰਤੋਖ ਹੋਵੇਗਾ ਕਿ ਕੋਈ ਉਨ੍ਹਾਂ ਨੂੰ ਵਿਸ਼ਵਾਸ ਨਾਲ ਯਾਦ ਤਾਂ ਕਰ ਲੈਂਦਾ ਹੈ । ਰਹੀ ਵੱਧਣ ਫੁੱਲਣ ਦੀ ਗੱਲ, ਉਹ ਤਾਂ ਉਨ੍ਹਾਂ ਨੂੰ ਆਪਣੇ ਬਾਹੂਬਲ ਅਤੇ ਭਾਗ ਤੇ ਹੀ ਵਿਸ਼ਵਾਸ ਸੀ ।

ਧਰੁਵਸਵਾਮਿਨੀ : ਪਰ ਉਨ੍ਹਾਂ ਨੂੰ ਕੋਈ ਅਜਿਹਾ ਹਿੰਮਤ ਦਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਹਾਲਾਤ ਹੋਰ ਵੀ ਵਿਗੜ ਜਾਣ । (ਕਿਰਪਾਨਧਾਰੀ ਔਰਤ

ਖੜੀ ਹੁੰਦੀ ਹੈ ।) ਚੰਗਾ ਹੁਣ ਤੂੰ ਜਾ, ਤੇ ਆਪਣੇ ਮੰਨ ਇਸ਼ਾਰਿਆਂ ਰਾਹੀਂ ਕਿਸੇ ਦਾਸੀ ਨੂੰ ਇੱਥੇ ਭੇਜ ਦੇ । ਮੈਂ ਅਜੇ ਇੱਥੇ ਹੀ ਬੈਠਣਾ ਚਾਹੁੰਦੀ ਹਾਂ ।

ਕਿਰਪਾਨਧਾਰੀ ਔਰਤ ਨਮਸਕਾਰ ਕਰ ਕੇ ਚਲੀ ਜਾਂਦੀ ਹੈ । (ਇਕ ਹੋਰ ਦਾਸੀ ਆਉਂਦੀ ਹੈ ।)

ਦਾਸੀ : (ਹੱਥ ਜੋੜ ਕੇ) ਦੇਵੀ ! ਪਰਛਾਵੇਂ ਢਲ ਗਏ ਹਨ । ਫੁਲ-ਬੂਟੇ ਸਿੱਥਲ ਹੋਣ ਲਗੇ ਹਨ । ਵੇਖੋ ਨਾ, ਪੰਛੀਆਂ ਦੀ ਡਾਰ ਖੁਸ਼ੀ ਦੇ ਗੀਤ ਗਾਉਂਦੀ ਆਪਣੇ ਆਲ੍ਹਣੇ ਵਲ ਪਰਤ ਰਹੀ ਹੈ । ਕੀ ਅਜੇ ਅੰਦਰ ਜਾਣ ਦੀ ਤੁਹਾਡੀ ਇੱਛਿਆ ਨਹੀਂ ?

ਧਰੁਵਸਵਾਮਿਨੀ : ਚਲਾਂਗੀ ਕਿਉਂ ਨਹੀਂ ? ਪਰ ਮੇਰਾ ਆਲ੍ਹਣਾ ਹੈ ਕਿੱਥੇ ? ਇਹ ਤਾਂ ਸੁਨਹਿਰੀ ਪਿੰਜਰਾ ਹੈ ।

(ਦੁਖੀ ਹਿਰਦੇ ਨਾਲ ਉੱਠ ਕੇ, ਦਾਸੀ ਦੇ ਮੋਢੇ ਤੇ ਹੱਥ ਧਰ ਕੇ ਚਲੱਣ ਦਾ ਉਪਰਾਲਾ ਕਰਦੀ ਹੈ । ਪਿਛੋਕੜ ਤੋਂ ਸ਼ੋਰ "ਮਹਾਦੇਵੀ ਕਿੱਥੇ ਹੈ? ਉਨ੍ਹਾਂ ਨੂੰ ਕੌਣ ਸੱਦਣ ਗਈ ਹੈ ? "

ਧਰੁਵਸਵਾਮਿਨੀ : ਹੈਂ, ਹੈਂ ! ਇਹ ਉਤਾਵਲਾਪਣ ਕਿਉਂ ?

ਦੁਆਰ ਦਾਸੀ : (ਘਬਰਾਈ ਹੋਈ ਆਉਂਦੀ ਹੈ) ਕੀ ਮਹਾਰਾਜ ਇੱਧਰ ਆਏ ਸਨ ?

ਧਰੁਵਸਵਾਮਿਨੀ : (ਵਿਅੰਗ ਨਾਲ ਮੁਸਕਰਾਉਂਦੀ ਹੋਈ) ਮੇਰੇ ਪੱਲੇ ਤਾਂ ਬੱਧੇ ਨਹੀਂ, ਕਿਸੇ ਕੁੰਜ ਵਿਚ ਭਾਲ ਲੈ ।

ਦੁਆਰ ਦਾਸੀ : (ਠਠੰਭਰ ਕੇ) ਓ ਮਹਾਂ ਦੇਵੀ, ਖਿਮਾ ਕਰਨਾ । ਯੁੱਧ ਸੰਬੰਧੀ ਇਕ ਜ਼ਰੂਰੀ ਖ਼ਬਰ ਦੇਣ ਲਈ ਮੈਂ ਮਹਾਰਾਜ ਨੂੰ ਲਭਦੀ ਹੋਈ ਇੱਧਰ ਆਈ ਹਾਂ ।

ਧਰੁਵਸਵਾਮਿਨੀ : ਹੋਣਗੇ ਕਿਧਰੇ । ਇਥੇ ਤਾਂ ਨਹੀਂ ਹਨ ।(ਉਦਾਸੀ ਨਾਲ ਧਰੁਵਸਵਾਮਿਨੀ ਦਾਸੀ ਦੇ ਨਾਲ ਜਾਦੀ ਹੈ ।ਦੂਜੇ ਪਾਸਿਓਂ ਕਿਰਪਾਨਧਾਰੀ ਔਰਤ ਫਿਰ ਆ ਜਾਂਦੀ ਹੈ । ਕੁੰਜ 'ਚੋਂ ਰਾਮ ਗੁਪਤ ਆਪਣਾ ਦੁਪੱਟਾ ਸਾਂਭਦਾ ਹੋਇਆ ਆਉਂਦਾ ਹੈ । ਉਹ ਇਕ ਵਾਰੀ ਦੁਆਰ ਦਾਸੀ ਵੱਲ ਤੇ ਫਿਰ ਕਿਰਪਾਨਧਾਰੀ ਔਰਤ ਵਲ ਤੱਕਦਾ ਹੈ।)

ਦੁਆਰ ਦਾਸੀ : ਮਹਾਰਾਜ ਦੀ ਜੇ ! ਇਕ ਚਿੰਤਾਜਨਕ ਖ਼ਬਰ ਦੇਣ ਲਈ ਮੰਤਰੀ ਨੇ ਮੈਨੂੰ ਇੱਧਰ ਭੇਜਿਆ ਹੈ।

ਰਾਮਗੁਪਤ : (ਖਿਝ ਕੇ) ਮੈਨੂੰ ਲਗਦਾ ਹੈ ਕਿ ਮੈਂ ਚਿੰਤਾ ਕਰਦੇ ਕਰਦੇ ਹੀ ਮਰ ਜਾਵਾਂਗਾ। ਠਹਿਰ (ਕਿਰਪਾਨਧਾਰੀ ਔਰਤ ਨੂੰ) ਹਾਂ ਜੀ, ਤੁਸੀਂ ਆਪਣਾ ਕੰਮ ਤਾਂ ਚੰਗਾ ਨਿਭਾਇਆ ਹੈ, ਪਰ ਮੈਂ ਸਮਝ ਨਹੀਂ ਸਕਿਆ ਕਿ ਉਹ ਚੰਦਰਗੁਪਤ ਨੂੰ ਅਜੇ ਵੀ ਪਿਆਰ ਕਰਦੀ ਹੈ ਜਾਂ ਨਹੀਂ ?

(ਕਿਰਪਾਨਧਾਰੀ ਔਰਤ ਦਾਸੀ ਵਲ ਤੱਕ ਕੇ ਚੁੱਪ ਰਹਿੰਦੀ ਹੈ ।)

ਰਾਮਗੁਪਤ : (ਦੁਆਰ ਦਾਸੀ ਵਲ ਕ੍ਰੋਧ ਨਾਲ ਦੇਖਦਾ ਹੋਇਆ) ਤੈਨੂੰ ਮੈਂ ਕਹਿ ਦਿੱਤਾ ਨਾ, ਕਿ ਅਜੇ ਮੇਰੇ ਪਾਸ ਵਿਹਲ ਨਹੀਂ; ਠਹਿਰ ਕੇ ਆਈਂ ।

ਦੁਆਰਦਾਸੀ : ਮਹਾਰਾਜ ! ਸ਼ਕਾਂ ਨੇ ਕਿਸੇ ਪਹਾੜੀ ਰਾਹ ਤੋਂ ਉੱਤਰ ਕੇ ਹੇਠਲੇ ਪਹਾੜੀ ਮਾਰਗ ਨੂੰ ਰੋਕ ਲਿਆ ਹੈ। ਸਾਡੇ ਕੈਂਪ ਦਾ ਸੰਬੰਧ ਰਾਜ ਮਾਰਗ ਤੋਂ ਟੁੱਟ ਗਿਆ ਹੈ । ਸ਼ਕਾਂ ਨੇ ਦੁਪਾਸਿਓਂ ਕੈਂਪ ਘੇਰ ਲਿਆ ਹੈ ।

ਰਾਮ ਗੁਪਤ : ਦੁਪਾਸਿਓਂ ਘਿਰ ਜਾਣ ਨਾਲ ਤਾਂ ਕੈਂਪ ਹੋਰ ਵੀ ਸੁਰੱਖਿਅਤ ਹੈ । ਮੂਰਖ਼ ! ਚੁਪ ਰਹਿ (ਕਿਰਪਾਨਧਾਰੀ ਔਰਤ ਨੂੰ) ਤਾਂ ਧਰੁਵਦੇਵੀ; ਕੀ ਮਨ ਹੀ ਮਨ ਵਿਚ ਚੰਦਰਗੁਪਤ ਨੂੰ...ਤਾਂ ਮੇਰਾ ਸ਼ੱਕ ਠੀਕ ਹੀ ਹੈ ਨਾ ?

ਦੁਆਰ ਦਾਸੀ : (ਹੱਥ ਜੋੜ ਕੇ) ਦੇਵ ! ਅਪਰਾਧ ਖਿਮਾ ਹੋਵੇ ਮਹਾਰਾਜ ! ਮੰਤਰੀ ਯੁੱਧ ਪਰੀਸ਼ਦ 'ਚ ਆਪ ਜੀ ਦੀ ਉਡੀਕ ਕਰ ਰਹੇ ਹਨ।

ਰਾਮਗੁਪਤ : (ਹਿਰਦੇ ਤੇ ਹੱਥ ਧਰ ਕੇ) ਯੁੱਧ ਤਾਂ ਇਥੇ ਵੀ ਚਲ ਰਿਹਾ ਹੈ। ਵੇਖਦੀ ਨਹੀਂ, ਜਗਤ ਦੀ ਅਦੁਤੀ ਸੁੰਦਰੀ ਮੈਨੂੰ ਪਿਆਰ ਨਹੀਂ ਕਰਦੀ ? ਤੇ ਮੈਂ ਹਾਂ ਇਸ ਦੇਸ ਦਾ ਮਹਾਰਾਜ ।

ਦੁਆਰ ਦਾਸੀ : ਮਹਾਰਾਜ ! ਸ਼ਕ ਰਾਜ ਦਾ ਸੁਨੇਹਾ ਲੈ ਕੇ ਇਕ ਦੂਤ ਵੀ ਆਇਆ ਹੈ ।

ਰਾਮਗੁਪਤ : ਆਹ ! ਪਰ ਧਰੁਵ ਦੇਵੀ ! ਉਸ ਦੇ ਮਨ 'ਚ ਕਸਕ ਹੈ । (ਕੁਝ ਸੋਚ ਕੇ) ਜਿਹੜੀ ਤੀਵੀਂ ਦੂਜੇ ਦੇ ਸ਼ਾਸਨ ਵਿਚ ਰਹਿੰਦੀ ਹੋਈ ਵੀ ਪਿਆਰ ਕਿਸੇ ਹੋਰ ਨਾਲ ਕਰਦੀ ਹੈ , ਉਸ ਵਿਚ ਇਕ ਗੰਭੀਰ ਤੇ ਵਿਆਪਕ ਰਸ ਠਾਠਾਂ ਮਾਰਦਾ ਰਹਿੰਦਾ ਹੋਵੇਗਾ । ਉਹੀ ਤਾਂ—ਨਹੀਂ, ਜਿਹੜੀ ਚੰਦਰ ਗੁਪਤ ਨਾਲ ਪਿਆਰ ਕਰੇਗੀ, ਉਹ ਤੀਵੀਂ, ਪਤਾ ਨਹੀਂ ਕਦੋਂ ਡੰਗ ਮਾਰ ਦੇਵੇ ? ਅੰਦਰੇ, ਅੰਦਰ

ਪਤਾ ਨਹੀਂ ਕਿੰਨੇ ਕੁ ਚੱਕਰ ਚਲਣ। (ਕਿਰਪਾਨਧਾਰੀ ਔਰਤ ਨੂੰ) ਸੁਣਦੀ ਹੈਂ ਨਾ ? ਧਰੁਵ ਦੇਵੀ ਨੂੰ ਕਹਿ ਦੇਣਾ ਕਿ ਉਹ ਮੈਨੂੰ, ਤੇ ਸਿਰਫ ਮੈਨੂੰ ਹੀ ਪਿਆਰ ਕਰੇ। ਸਿਰਫ ਮਹਾਦੇਵੀ ਬਣ ਜਾਣਾ ਹੀ ਕਾਫ਼ੀ ਨਹੀਂ। (ਕਿਰਪਾਨਧਾਰੀ ਔਰਤ ਦੁਆਰ ਦਾਸੀ ਨਾਲ ਚਲੀ ਜਾਂਦੀ ਹੈ ਤੇ ਸ਼ਿਖਰ ਸਵਾਮੀ ਆਉਂਦਾ ਹੈ।)

ਸ਼ਿਖਰ ਸਵਾਮੀ : ਮਹਾਰਾਜ ! ਕੁਝ ਜ਼ਰੂਰੀ ਗੱਲਾਂ ਕਰਨੀਆਂ ਹਨ।

ਰਾਮ ਗੁਪਤ : (ਚਿੰਤਾ ਨਾਲ ਉਂਗਲ ਦਾ ਇਸ਼ਾਰਾ, ਜਿਵੇਂ ਆਪਣੇ ਆਪ ਨਾਲ ਹੀ ਗੱਲਾਂ ਕਰਦਾ ਹੋਵੇ) ਕੀ ਧਰੁਵ ਦੇਵੀ ਨੂੰ ਪ੍ਰਾਪਤ ਕਰ ਕੇ ਮੈਨੂੰ ਸਾਮਰਾਜ ਤੋਂ ਵੀ ਹੱਥ ਧੋਣਾ ਪਵੇਗਾ ? ਨਹੀਂ, ਤਾਂ ਫਿਰ ? (ਕੁਝ ਸੋਚਣ ਲਗਦਾ ਹੈ) ਠੀਕ ਹੀ ਤਾਂ ਹੈ। ਅਚਾਨਕ ਮੇਰੇ ਰਾਜ-ਭਾਗ ਸਾਂਭ ਲੈਣ ਕਾਰਣ ਪ੍ਰੋਹਿਤ, ਮੰਤਰੀ ਤੇ ਸੈਨਾਪਤੀ ਮੇਰੇ ਪ੍ਰਤੀ ਗੁੱਝਾ ਵਿਦ੍ਰੋਹ ਭਾਵ ਰਖਦੇ ਹਨ। (ਸ਼ਿਖਰ ਨੂੰ) ਹੈ ਨਾ? ਸਿਰਫ਼ ਤੁਸੀਂ ਹੀ ਮੇਰੇ ਵਿਸ਼ਵਾਸਪਾਤਰ ਹੋ। ਸਮਝ ਗਏ ਨਾ ? ਇਹੋ ਪਹਾੜੀ ਰਸਤਾ ਸਭ ਝਗੜਿਆਂ ਦਾ ਅੰਤਿਮ ਫ਼ੈਸਲਾ ਕਰੇਗਾ। ਕਿਉਂ ਮੰਤਰੀ, ਜਿਸ ਦੀਆਂ ਬਾਹਵਾਂ 'ਚ ਬਲ ਨ ਹੋਵੇ, ਉਸ ਦੇ ਦਿਮਾਗ਼ 'ਚ ਕੁਝ ਤਾਂ ਹੋਣਾ ਚਾਹੀਦਾ ਹੈ ?

ਸ਼ਿਖਰਸਵਾਮੀ : (ਇਕ ਚਿੱਠੀ ਦੇ ਕੇ) ਪਹਿਲਾਂ ਇਸ ਗੁਪਤ ਚਿੱਠੀ ਪੜ੍ਹਦੇ ਪੜ੍ਹਦੇ ਜਿਵੇਂ ਨੂੰ ਪੜ੍ਹ ਲਵੋ। (ਰਾਮ ਹੈਰਾਨੀ ਨਾਲ ਚੱਕਦਾ ਹੈ)। ਹੈਰਾਨ ਨਾ ਹੋਵੋ, ਇਹ ਘਟਨਾ ਇੰਨੀ ਇਕ ਦਮ ਘਟੀ ਹੈ ਕਿ ਕੁਝ ਸੋਚਣ ਦਾ ਮੌਕਾ ਹੀ ਨਹੀਂ ਮਿਲਦਾ।

ਰਾਮ ਗੁਪਤ : (ਠਹਿਰ ਕੇ) ਹੈ ਤਾਂ ਇਵੇਂ ਹੀ ! ਪਰ ਇਕ ਦਮ ਇਹ ਮੇਰੇ ਉਲਟ ਵੀ ਨਹੀਂ, ਮੈਨੂੰ ਇਸ ਦੀ ਸੰਭਾਵਨਾ ਪਹਿਲਾਂ ਤੋਂ ਹੀ ਸੀ।

ਸ਼ਿਖਰਸਵਾਮੀ : (ਹੈਰਾਨੀ ਨਾਲ) ਹੈਂ !- -ਫਿਰ ਤਾਂ ਮਹਾਰਾਜ ਨੇ ਜ਼ਰੂਰ ਹੀ ਕੁਝ ਸੋਚਿਆ ਹੋਵੇਗਾ। ਬੱਦਲ-ਢਕੇ ਆਕਾਸ਼ ਵਾਂਗ ਜਿਸ ਦਾ ਭਵਿੱਖ ਘਿਰਿਆ ਹੋਇਆ ਹੋਵੇ, ਉਸ ਦੀ ਬੁੱਧ ਨੂੰ ਤਾਂ ਬਿਜ਼ਲੀ ਵਾਂਗ ਚਮਕਣਾ ਹੀ ਚਾਹੀਦਾ ਹੈ।

ਰਾਮ ਗੁਪਤ : (ਸ਼ੰਕਾ ਨਾਲ) ਕਹਿ ਦਿਆਂ ? ਸੋਚਿਆ ਤਾਂ ਮੈਂ ਹੈ, ਪਰ ਕੀ ਤੁਸੀਂ ਉਸ ਦਾ ਸਮਰਥਨ ਕਰੋਗੇ ?

ਸ਼ਿਖਰਸਵਾਮੀ : ਜੇਕਰ ਨੀਤੀ ਪੂਰਨ ਹੋਇਆ ਤਾਂ ਜ਼ਰੂਰ ਸਮਰਥਨ ਕਰਾਂਗਾ। ਸਭ ਦੇ ਵਿਰੋਧ ਕਰਨ ਤੇ ਵੀ ਸਵਰਗੀ ਆਰੀਆ ਸਮੁੰਦਰ ਗੁਪਤ ਦੀ ਆਗਿਆ ਦੇ ਪ੍ਰਤੀਕੂਲ, ਮੈਂ ਹੀ ਤਾਂ ਆਪ ਦਾ ਸਮਰਥਨ ਕੀਤਾ ਸੀ ? ਨੀਤੀ ਸਿਧਾਂਤ ਦੇ ਆਧਾਰ ਤੇ ਜੇਠੇ ਰਾਜ ਪੁਤਰ ਨੂੰ --

ਰਾਮ ਗੁਪਤ : (ਗੱਲ ਕੱਟ ਕੇ) ਉਹ ਤਾਂ......ਉਹ ਤਾਂ ਮੈਂ ਜਾਣਦਾ ਹਾਂ, ਪਰ ਇਸ ਵੇਲੇ ਜਿਹੜਾ ਪ੍ਰਸ਼ਨ ਸਾਮਣੇ ਹੈ, ਉਸ ਤੇ ਵਿਚਾਰ ਕਰਨਾ ਚਾਹੀਦਾ ਹੈ । ਇਹ ਤੁਸੀਂ ਜਾਣਦੇ ਹੋ ਕਿ ਮੇਰੀ ਇਸ ਵਿਜੈ-ਯਾਤਰਾ ਦਾ ਕੋਈ ਗੁਪਤ ਉਦੇਸ਼ ਹੈ । ਉਸ ਦੀ ਸਫ਼ਲਤਾ ਵੀ ਸਾਹਮਣੇ ਵਿਖਾਈ ਦਿੰਦੀ ਹੈ। ਹਾਂ, ਥੋੜੀ ਜਿਹੀ ਹਿੰਮਤ ਦੀ ਲੋੜ ਹੈ ।

ਸ਼ਿਖਰਸਵਾਮੀ : ਉਹ ਕੀ ?

ਰਾਮਗੁਪਤ : ਸ਼ਕ-ਦੂਤ ਸੰਧੀ ਲਈ ਜਿਹੜਾ ਪ੍ਰਮਾਣ ਚਾਹੁੰਦਾ ਹੈ, ਉਸ ਨੂੰ ਅਸਵੀਕਾਰ ਨਹੀਂ ਕਰਨਾ ਚਾਹੀਦਾ । ਇਸ ਤਰ੍ਹਾਂ ਕਰਨ ਨਾਲ ਇਸ ਸੰਕਟ ਦੇ ਬਹਾਨੇ ਜਿਹੜਾ ਵਿਰੋਧੀ ਤੱਤ ਹੈ, ਉਸ ਤੋਂ ਅਸੀਂ ਸਹਿਜੇ ਹੀ ਮੁਕਤੀ ਪਾ ਸਕਾਂਗੇ ।

ਸ਼ਿਖਰਸਵਾਮੀ : ਭਵਿੱਖ ਲਈ ਭਾਵੇਂ ਇਹ ਚੰਗਾ ਹੀ ਹੋਵੇ, ਪਰ ਇਸ ਵੇਲੇ ਤਾਂ ਸਾਨੂੰ ਬਹੁਤ ਸਾਰੀਆਂ ਔਕੜਾਂ ਦਾ ਮੁਕਾਬਲਾ ਕਰਨਾ ਪਵੇਗਾ ।

ਰਾਮ ਗੁਪਤ : (ਹੱਸ ਕੇ) ਤਦ ਤੁਹਾਡੀ ਅਕਲ ਕਦੋਂ ਕੰਮ ਆਵੇਗੀ ? ਤੇ ਹਾਂ, ਚੰਦਰ ਗੁਪਤ ਦੇ ਮਨ ਦੇ ਭਾਵਾਂ ਦੀ ਕੁਝ ਥਾਹ ਲੱਗੀ ?

ਸ਼ਿਖਰਸਵਾਮੀ : ਕੁਝ ਨਵੀਂ ਗੱਲ ਤਾਂ ਪਤਾ ਨਹੀਂ ਲੱਗੀ ।

ਰਾਮ ਗੁਪਤ : ਮੈਂ ਸਮਝਦਾ ਹਾਂ ਕਿ ਮੈਨੂੰ ਪਹਿਲਾਂ ਆਪਣੇ ਰਣਵਾਸ ਦੇ ਵਿਦ੍ਰੋਹ ਨੂੰ ਹੀ ਦਬਾਉਣਾ ਪਵੇਗਾ ।

(ਹਉਕਾ ਭਰ ਕੇ) ਧਰੁਵ ਦੇਵੀ ਦੇ ਹਿਰਦੇ 'ਚ ਚੰਦਰ ਗੁਪਤ ਲਈ ਇੱਛਿਆ ਹੌਲੀ ਹੌਲੀ ਜਾਗ ਰਹੀ ਹੈ ।

ਸ਼ਿਖਰਸਵਾਮੀ : ਇਹ ਅਸੰਭਵ ਨਹੀਂ । ਪਰ ਮਹਾਰਾਜ ! ਇਸ ਵੇਲੇ ਆਪ ਜੀ ਨੂੰ ਦੂਤ ਨਾਲ ਭੇਟ (ਮੁਲਾਕਾਤ) ਕਰ ਕੇ ਇਸ ਵੇਲੇ ਦੀ ਰਾਜਨੀਤੀ ਤੇ ਧਿਆਨ ਦੇਣਾ ਚਾਹੀਦਾ ਹੈ । ਇਹ ਇਕ ਹੈਰਾਨੀ ਦੀ ਗੱਲ ਹੈ ਕਿ ਤਕੜੀ ਧਿਰ ਸੰਧੀ ਲਈ ਸੁਨੇਹਾ ਘੱਲੇ ।

ਰਾਮ ਗੁਪਤ : ਹੈਰਾਨੀ ਹੋਵੇ ਜਾਂ ਕੁਝ ਹੋਰ, ਤੁਹਾਡੀ ਰਾਜਨੀਤੀ ਦੀ ਕਾਰੀਗਰੀ ਇਹੋ ਹੈ ਕਿ ਘਰੇਲੂ ਤੇ ਬਾਹਰੀ ਦੁਸ਼ਮਣ ਇੱਕੋ ਹੀ ਚਾਲ ਨਾਲ ਮਾਤ ਖਾ ਜਾਣ । ਹਾਂ ਚਲੋ।

(ਦੋਵੇਂ ਜਾਂਦੇ ਹਨ । ਮੰਦਾਕਿਨੀ ਸ਼ਕੀ ਨਜਰਾਂ ਨਾਲ ਵੇਖਦੀ ਹੋਈ ਆਉਂਦੀ ਹੈ।)

ਮੰਦਾਕਿਨੀ : (ਚੁਤਰਫ਼ੀ ਤੱਕ ਕੇ) ਭਿਆਨਕ ਸਮੱਸਿਆ ਹੈ। ਮੂਰਖਾਂ ਨੇ ਸਵਾਰਥ ਲਈ ਸਾਮਰਾਜ ਦੀ ਗੌਰਵਤਾ ਨੂੰ ਮਿੱਟੀ ਵਿਚ ਮਿਲਾਉਣ ਦੀ ਠਾਨ ਲਈ ਹੈ । ਸੱਚ ਹੈ, ਵੀਰਤਾ ਜਦ ਨੱਸਦੀ ਹੈ, ਤਦ ਉਸ ਦੇ ਪੈਰਾਂ ' ਰਾਜਨੀਤਿਕ ਛਲ-ਕਪਟ ਦੀ ਧੂੜ ਉਡਦੀ ਹੈ ।

(ਕੁਝ ਸੋਚ ਕੇ) ਕੁਮਾਰ ਚੰਦਰ ਗੁਪਤ ਨੂੰ ਇਹ ਸਾਰੀ ਖ਼ਬਰ ਤੁਰਤ ਹੀ ਮਿਲਣੀ ਚਾਹੀਦੀ ਹੈ । ਗੁੰਗੀ ਦੇ ਅਭਿਨਯ ਨਾਲ ਮਹਾਦੇਵੀ ਦੇ ਹਿਰਦੇ ਦਾ ਥੋੜ੍ਹਾ ਜਿਹਾ ਪਰਦਾ ਹਟਿਆ ਹੈ । ਪਰ ਉਹ ਥੋੜ੍ਹਾ ਜਿਹਾ ਰੱਸ-ਭਿੰਨਾ ਭਾਵ ਵੀ ਕੁਮਾਰ ਲਈ ਘੱਟ ਮਹੱਤਤਾ ਦਾ ਨਹੀਂ । ਕੁਮਾਰ ਚੰਦਰ ਗੁਪਤ! ਕਿੰਨੀ ਸਮਰਪਣ ਦੀ ਭਾਵਨਾ ਹੈ ਉਸ ਵਿਚ ? ਤੇ ਉਸੇ ਦਾ ਵੱਡਾ ਭਰਾ ਰਾਮ ਗੁਪਤ ਕਪਟੀ ਰਾਮ ਗੁਪਤ । ਦਿਲ ਕਰਦਾ ਹੈ ਇਸ ਗੰਦੇ ਵਾਯੂ-ਮੰਡਲ ਤੋਂ ਦੂਰ ਜਾ ਕੇ ਭੁੱਲ ਦੇ ਲੋਕ 'ਚ ਆਪਣੇ ਆਪ ਨੂੰ ਲੁਕਾ ਲਵਾਂ । ਪਰ ਮੰਦਾ ! ਤੈਨੂੰ ਭਗਵਾਨ ਨੇ ਕਿਉਂ ਬਣਾਇਆ ?

(ਸੋਚਣ ਲਗਦੀ ਹੈ) ਨਹੀਂ । ਮੈਨੂੰ ਛਾਤੀ ਤੇ ਪੱਥਰ ਧਰ ਕੇ ਆਪਣਾ ਫਰਜ਼ ਪਾਲਣ ਲਈ ਇਥੇ ਰੁਕਣਾ ਹੀ ਪਵੇਗਾ । ਨਿਆਂ ਦਾ ਕਮਜ਼ੋਰ ਪੱਖ ਪੂਰਨਾ ਹੀ ਪਵੇਗਾ । (ਗਾਉਂਦੀ ਹੈ):—

ਐ ਮੇਰੇ ਅੱਥਰੂ, ਤੂੰ ਇਹ ਪੀੜ ਸਹਿ ਜਾ ।
ਨਿੰਮਰ ਕਰ ਮੇਰੇ ਹੰਕਾਰ ਨੂੰ,
ਮੈਨੂੰ ਹੋਂਦ ਮੇਰੀ ਦੱਸ, ਤੂੰ ਰਹਿ ਜਾ ।
ਡੁਲ੍ਹ ਪਿਆਰ ਬਣ ਤੂੰ ਹਰ ਨੁਕਰੇ,
ਖਾਮੋਸ਼ ਕਥਾ ਆਪਣੀ ਕਹਿ ਜਾ।
ਦੁਖੀ ਧਰਤੀ ਤੇ ਤੂੰ ਕਰੁਣਾ ਬਣ,
ਸ਼ੀਤਲਤਾ ਪਸਾਰਦਾ ਤੂੰ ਵਹਿ ਜਾ ।

(ਜਾਂਦੀ ਹੈ । ਉਦਾਸ ਧਰੁਵਸਵਾਮਿਨੀ ਹੌਲੀ ਹੌਲੀ ਆਉਂਦੀ ਹੈ । ਉਸ ਦੇ ਪਿੱਛੇ ਇਕ ਦਾਸੀ ਪਾਨਦਾਨ ਲਈ ਤੇ ਦੂਜੀ ਦਾਸੀ ਚੌਰ ਲਈ ਆਉਂਦੀ ਹੈ । ਧਰੁਵਸਵਾਮਿਨੀ ਇਕ ਚੌਂਕੀ ਤੇ ਬਹਿ ਜਾਂਦੀ ਹੈ । ਉਹ ਆਪਣੇ ਹੇਠਾਂ ਤੇ ਉਂਗਲ ਧਰ ਕੇ ਕੁਝ ਸੋਚਣ ਲਗਦੀ ਹੈ । ਦਾਸੀ ਚੌਰ ਝਲਦੀ ਹੈ ।)

ਧਰੁਵਸਵਾਮਿਨੀ : (ਦੂਜੀ ਦਾਸੀ ਨੂੰ) ਹਾਂ, ਕੀ ਕਿਹਾ ! ਸ਼ਿਖਰਸਵਾਮੀ ਕੁਝ ਕਹਿਣਾ ਚਾਹੁੰਦੇ ਹਨ ? ਕਹਿ ਦੇ, ਕਲ੍ਹ ਸੁਣਾਂਗੀ, ਅੱਜ ਨਹੀਂ ।

ਦਾਸੀ : ਜੋ ਆਗਿਆ । ਤਾਂ ਮੈਂ ਕਹਿ ਆਵਾ ਕਿ ਮੰਤਰੀ ਜੀ ਨਾਲ ਮਹਾਦੇਵੀ ਜੀ ਕਲ ਭੇਟ ਕਰਨਗੇ ?

ਧਰੁਵਸਵਾਮਿਨੀ : (ਕੁਝ ਸੋਚ ਕੇ) ਰੁਕ ਜਾ, ਉਹ ਗੁਪਤ ਸਾਮਰਾਜ ਦਾ ਮੰਤਰੀ ਹੈ, ਉਸ ਨਾਲ ਅੱਜ ਹੀ ਭੇਟ ਕਰਨੀ ਹੋਵੇਗੀ। ਹਾਂ, ਇਹ ਤਾਂ ਦੱਸ, ਤੇਰੇ ਰਾਜਕੁਲ ਵਿਚ ਨਿਯਮ ਕੀ ਹੈ ? ਪਹਿਲਾਂ ਮੰਤਰੀ ਦੀ ਸਲਾਹ ਸੁਣਨੀ ਪੈਂਦੀ ਹੈ, ਤਦ ਰਾਜਾ ਨਾਲ ਭੇਟ ਹੁੰਦੀ ਹੈ ?

ਦਾਸੀ : (ਦੰਦਾਂ ਥੱਲੇ ਜੀਭ ਦੱਬ ਕੇ) ਅਜਿਹਾ ਕੋਈ ਨਿਯਮ ਤਾਂ ਮੈਂ ਨਹੀਂ ਸੁਣਿਆ। ਇਹ ਯੁੱਧ ਦਾ ਕੈਂਪ ਹੈ ਨਾ ? ਮਹਾਰਾਜ ਨੂੰ ਮੌਕਾ ਨਹੀਂ ਮਿਲਿਆ ਹੋਵੇਗਾ। ਮਹਾਦੇਵੀ ਜੀ ! ਆਪ ਜੀ ਨੂੰ ਸ਼ੱਕ ਨਹੀਂ ਕਰਨਾ ਚਾਹੀਦਾ ।

ਧਰੁਵਸਵਾਮਿਨੀ : ਮੈਂ ਮਹਾਦੇਵੀ ਹੀ ਹਾਂ ਨਾ ? ਜੇਕਣ ਇਹ ਸੱਚ ਹੈ ਤਾਂ ਕੀ ਤੂੰ ਮੇਰੀ ਆਗਿਆ ਨਾਲ ਕੁਮਾਰ ਚੰਦਰ ਗੁਪਤ ਨੂੰ ਇੱਥੇ ਸੱਦ ਸਕਦੀ ਹੈਂ ? ਮੈਂ ਚਾਹੁੰਦੀ ਹਾਂ ਕਿ ਮੰਤਰੀ ਦੇ ਨਾਲ ਨਾਲ ਕੁਮਾਰ ਨਾਲ ਵੀ ਕੁਝ ਗੱਲਾਂ ਕਰ ਲਵਾਂ ।

ਦਾਸੀ : ਖਿਮਾ ਕਰਨਾ ! ਇਸ ਲਈ ਤਾਂ ਪਹਿਲਾਂ ਮੰਤਰੀ ਜੀ ਨੂੰ ਪੁੱਛਣਾ ਪਵੇਗਾ। (ਧਰੁਵਸਵਾਮਿਨੀ ਕ੍ਰੋਧ ਨਾਲ ਉਸ ਵੱਲ ਤੱਕਣ ਲਗਦੀ ਹੈ । ਉਹ ਪਾਨਦਾਨ ਰੱਖ ਕੇ ਚਲੀ ਜਾਂਦੀ ਹੈ । ਇਕ ਬੌਣਾ, ਇਕ ਕੁੱਬਾ ਤੇ ਇਕ ਖ਼ੁਸਰਾ ਆਉਂਦੇ ਹਨ) ।

ਕੁੱਬਾ : ਯੁੱਧ ! ਭਿਆਨਕ ਯੁੱਧ !

ਬੌਣਾ : ਹੁੰਦਾ ਪਿਆ ਹੈ ਕਿ ਕਿਧਰੇ ਹੋਵੇਗਾ, ਦੋਸਤ !

ਖ਼ੁਸਰਾ : ਭੈਣੋ ! ਇਥੇ ਹੀ ਯੁੱਧ ਕਰ ਕੇ ਵਿਖਾਓ ਨਾ ? ਮਹਾਦੇਵੀ ਵੀ ਵੇਖ ਲੈਣ ।

ਬੌਣਾ : (ਕੁੱਬੇ ਨੂੰ) ਸੁਣਦਾ ਹੈਂ ! ਤੂੰ ਆਪਣਾ ਹਿਮਾਚਲ ਇੱਧਰ ਕਰ, ਮੈਂ ਦਿਗਵਿਜੈ ਕਰਨ ਲਈ ਕੁਬੇਰ ਤੇ ਚੜ੍ਹਾਈ ਕਰਾਂਗਾ । (ਉਸ ਦੇ ਕੁੱਬ ਨੂੰ ਦਬਾਉਂਦਾ ਹੈ । ਕੁੱਬਾ ਆਪਣੇ ਗੋਡਿਆਂ ਤੇ ਹੱਥਾਂ ਭਾਰ ਬਹਿ ਜਾਂਦਾ ਹੈ । ਖ਼ੁਸਰਾ ਕੁੱਬੇ ਦੀ ਪਿੱਠ ਤੇ ਬਹਿੰਦਾ ਹੈ । ਬੌਣਾ ਇਕ ਮੋਰਪੰਖ ਲੈ ਕੇ ਉਸ ਨੂੰ ਤਲਵਾਰ ਵਾਂਗ ਘੁਮਾਉਂਦਾ ਹੈ ।

ਖੁਸਰਾ : ਓਏ, ਵੇਖੋ ਤਾਂ ਸਹੀ, ਮੈਂ ਨਲ-ਕੂਬਰ ਦੀ ਬਹੂ ਹਾਂ ! ਦਿਗਵਿਜੇਈ ਬਹਾਦੁਰ, ਕੀ ਤੁਸੀਂ ਇਕ ਕਰੋਗੇ ? ਮੁੜ ਜਾਓ, ਕਲ੍ਹ ਆਉਣਾ । ਔਰਤ ਨਾਲ ਯੁੱਧ ਮੇਰਾ ਸਹੁਰਾ ਤੇ ਪਤੀ ਦੋਵੇਂ ਹੀ ਉਰਵਸ਼ੀ ਤੇ ਰੰਭਾ ਨਾਲ ਕਲੋਲਾਂ ਕਰ ਕੇ ਅਜੇ ਨਹੀਂ ਪਰਤੇ । ਕੋਈ ਅੱਜ ਹੀ ਤਾਂ ਯੁੱਧ ਕਰਨ ਦਾ ਸ਼ੁਭਮਹੂਰਤ ਨਹੀਂ ਹੈ ?

ਬੌਣਾ : (ਮੋਰਪੰਖਾਂ ਨਾਲ ਪਟਾ ਘੁਮਾਉਂਦਾ ਹੋਇਆ) ਨਹੀਂ, ਅੱਜ ਹੀ ਯੁੱਧ ਹੋਵੇਗਾ। ਤੂੰ ਔਰਤ ਨਹੀਂ ਹੈਂ। ਤੇਰੀਆਂ ਉਂਗਲਾਂ ਤਾਂ ਮੇਰੀ ਤਲਵਾਰ ਨਾਲੋਂ ਵੀ ਤੇਜ਼ ਚਲਦੀਆਂ ਹਨ । ਕੁੱਬਾ ਤੇਰੇ ਹੇਠ ਹੈ । ਫੇਰ ਮੈਂ ਕਿਵੇਂ ਮੰਨਾਂ ਕਿ ਤੂੰ ਨਲਕੂਬਰ ਜਾਂ ਕੁਬੇਰ ਨਹੀਂ । ਤੇਰੇ ਕਪੜਿਆਂ ਤੋਂ ਮੈਂ ਧੋਖਾ ਨਹੀਂ ਖਾਵਾਂਗਾ । ਤੂੰ ਮਰਦ ਹੈਂ; ਯੁੱਧ ਕਰ ।

ਖੁਸਰਾ : (ਉਸੇ ਤਰ੍ਹਾਂ ਮਟਕਦਾ ਹੋਇਆ) ਨਹੀਂ ਮੈਂ ਔਰਤ ਹਾਂ। ਭੈਣੋਂ ! ਮੇਰੇ ਨਾਲ ਕੋਈ ਵਿਆਹ ਚਾਹੇ, ਕਰ ਲਵੋ । ਮੈਂ ਯੁੱਧ ਕਰਨਾ ਕੀ ਜਾਣਾ?

(ਦਾਸੀ ਦੇ ਨਾਲ ਸ਼ਿਖਰਸਵਾਮੀ ਆਉਂਦਾ ਹੈ ।)

ਸ਼ਿਖਰਸਵਾਮੀ : ਜੇ ਮਹਾਦੇਵੀ !

(ਦੂਜੇ ਪਾਸਿਓਂ ਇਕ ਜਵਾਨ ਦਾਸੀ ਦੇ ਮੋਢੇ ਦਾ ਆਸਰਾ ਲਈ, ਸ਼ਰਾਬ ਦੇ ਨਸ਼ੇ 'ਚ ਰਾਮ ਗੁਪਤ ਆਉਂਦਾ ਹੈ । ਉਹ ਮੁਸਕਰਾਉਂਦਾ ਹੋਇਆ ਬੌਂਣੇ ਦੀ ਖੇਡ ਵੇਖਦਾ ਹੈ । ਧਰੁਵਸਵਾਮਿਨੀ ਖੜੀ ਹੋ ਜਾਂਦੀ ਹੈ। ਸ਼ਿਖਰਸਵਾਮੀ ਰਾਮਗੁਪਤ ਨੂੰ ਇਸ਼ਾਰਾ ਕਰਦਾ ਹੈ) ।

ਰਾਮਗੁਪਤ : (ਕੁਝ ਭਰੇ ਹੋਏ ਗਲੇ ਨਾਲ) ਮਹਾਦੇਵੀ ਦੀ ਜੈ !

ਧਰੁਵਸਵਾਮਿਨੀ : ਸੁਆਗਤ, ਮਹਾਰਾਜ !

(ਰਾਮ ਗੁਪਤ ਇਕ ਚੌਂਕੀ ਤੇ ਬਹਿ ਜਾਂਦਾ ਹੈ ਅਤੇ ਸ਼ਿਖਰ-ਸਵਾਮੀ ਧਰੁਵਸਵਾਮਿਨੀ ਦੇ ਉਦਾਸ ਵਤੀਰੇ ਤੋਂ ਹੈਰਾਨ ਹੋ ਕੇ ਸਿਰ ਖੁਰਕਣ ਲਗਦਾ ਹੈ ।)

ਕੁੱਬਾ : ਦੁਹਾਈ ਮਹਾਰਾਜ ਦੀ ! ਮੇਰਾ, ਹਿਮਾਲੇ ਦਾ ਕੁੱਬ ਦੁਖਣ ਲੱਗ ਗਿਆ ਹੈ । ਨਾ ਤਾਂ ਇਹ ਨਲ-ਕੂਬਰ ਦੀ ਬਹੁ ਮੇਰੇ ਕੁੱਬ ਤੋਂ ਉੱਠਦੀ ਹੈ ਤੇ ਨਾ ਇਹ ਬੌਣਾ ਹੀ ਮੈਨੂੰ ਵਿਜੈ ਕਰਦਾ ਹੈ ।

ਰਾਮ ਗੁਪਤ : (ਹੱਸਦਾ ਹੋਇਆ) ਵਾਹ ਓਏ, ਵਾਮਨ ਵੀਰ ! ਕੀ ਇਥੇ ਦਿਗਵਿਜੈ ਦਾ ਨਾਟਕ ਖੇਡਿਆ ਜਾ ਰਿਹਾ ਹੈ ?

ਬੌਣਾ : (ਆਕੜ ਕੇ) ਵਾਮਨ ਦੀ ਬਲੀ—ਵਿਜੈ ਦੀ ਕਥਾ ਤੇ ਉਸ ਦੀਆਂ ਤਿੰਨ ਪੁਲਾਂਘਾਂ ਦੀ ਮਹਿਮਾ, ਸਾਰੇ ਲੋਕ ਜਾਣਦੇ ਹਨ । ਮੈਂ ਵੀ ਤਿੰਨ ਲੱਤਾਂ ਮਾਰ ਕੇ ਇਸ ਦਾ ਕੁੱਬ ਸਿੱਧਾ ਕਰ ਸਕਦਾ ਹਾਂ ।

ਕੁੱਬਾ : ਮਾਰ ਦੇ ਭਰਾਵਾ ਬੌਣਿਆ ! ਫਿਰ ਇਹ ਅਚਲ ਹੇਮਕੁੰਟ ਬਣਨਾ ਤਾਂ ਬੰਦ ਹੋ ਜਾਵੇ ।

ਖ਼ੁਸਰਾ : ਵੇਖੋ ਜੀ ! ਮੈਂ ਨਲ-ਕੂਬਰ ਦੀ ਬਹੂ ਇਸ ਤੇ ਸਵਾਰੀ ਕਰੀ ਬੈਠੀ ਹਾਂ ।

ਬੌਣਾ : ਝੂਠ ! ਯੁੱਧ ਤੋਂ ਡਰਦਾ ਇਹ ਮਰਦ ਹੋ ਕੇ ਵੀ ਔਰਤ ਬਣ ਗਿਆ ਹੈ।

ਖ਼ੁਸਰਾ : ਮੈਂ ਤਾਂ ਪਹਿਲਾਂ ਹੀ ਕਹਿ ਚੁਕੀ ਹਾਂ ਕਿ ਮੈਂ ਯੁੱਧ ਕਰਨਾ ਨਹੀਂ ਜਾਣਦੀ।

ਬੌਣਾ : ਤੂੰ ਨਲ-ਕੂਬਰ ਦੀ ਬਹੂ ਹੈਂ ਨਾ ! ਤਾਂ ਮੈਂ ਤੈਨੂੰ ਆਪਣੀ ਵਿਜੈ ਦਾ ਮਾਲ ਮੰਨ ਕੇ ਤੇਰਾ ਹਰਨ ਕਰਾਂਗਾ । (ਹੋਰ ਲੋਕਾਂ ਵਲ ਤੱਕ ਕੇ, ਉਸ ਦਾ ਹੱਥ ਫੜ ਕੇ ਖਿੱਚਦਾ ਹੋਇਆ) ਠੀਕ ਹੈ ਨਾ ? ਸ਼ਾਇਦ ਇਹ ਧਰਮ ਦੇ ਵਿਰੁੱਧ ਨਹੀਂ ਹੋਵੇਗਾ ।

(ਰਾਮ ਗੁਪਤ ਖਿੜ ਖਿੜ ਹੱਸਦਾ ਹੈ) ।

ਧਰੁਵਸਵਾਮਿਨੀ : (ਗੁੱਸੇ ਨਾਲ ਕੜਕ ਕੇ) ਨਿਕਲੋ ! ਹੁਣੇ ਨਿਕਲੋ ! ਮੈਂ ਇੱਥੇ ਅਜਿਹੀ ਬੇਸ਼ਰਮੀ ਦਾ ਸਾਂਗ ਨਹੀਂ ਵੇਖਣਾ ਚਾਹੁੰਦੀ ।

(ਸ਼ਿਖਰਸਵਾਮੀ ਵਲ ਵੀ ਕ੍ਰੋਧ ਨਾਲ ਤਕਦੀ ਹੈ । ਸ਼ਿਖਰ ਦੇ ਇਸ਼ਾਰੇ ਤੇ ਸਾਰੇ ਹੀ ਦੌੜ ਜਾਂਦੇ ਹਨ ।)

ਰਾਮ ਗੁਪਤ : ਓਏ, ਦਿਗਵਿਜੈਈ ! ਸੁਣ ਤਾਂ (ਉੱਠ ਕੇ ਤਾੜੀਆਂ ਮਾਰਦਾ ਹੋਇਆ ਹੱਸਦਾ ਹੈ। ਧਰੁਵਸਵਾਮਿਨੀ ਦੁੱਖ ਤੇ ਨਫ਼ਰਤ ਨਾਲ ਮੂੰਹ ਫੇਰ ਲੈਂਦੀ ਹੈ।

ਸ਼ਿਖਰਸਵਾਮੀ ਦੇ ਇਸ਼ਾਰੇ ਤੇ ਦਾਸੀ ਸਰਾਬ ਦਾ ਭਾਂਡਾ ਲੈ ਆਉਂਦੀ ਹੈ । ਉਸ ਨੂੰ ਵੇਖ ਕੇ, ਖ਼ੁਸ਼ੀ ਨਾਲ ਅੱਖਾਂ ਪਾੜ ਕੇ, ਸ਼ਿਖਰ ਵਲ ਤੱਕ ਕੇ ਆਪਣਾ ਹੱਥ ਵਧਾ ਦਿੰਦਾ ਹੈ ।)

ਮੰਤਰੀ ! ਅੱਜ ਹੀ ਮੈਂ ਮਹਾਦੇਵੀ ਪਾਸ ਆਇਆ ਤੇ ਆਪ ਵੀ ਪਹੁੰਚ ਗਏ, ਇਹ ਇਕ ਅਨੋਖੀ ਘਟਣਾ ਹੈ । ਹੈ ਨਾ ?

(ਭਾਂਡਾ ਲੈ ਕੇ ਸ਼ਰਾਬ ਪੀਂਦਾ ਹੈ) ।

ਸ਼ਿਖਰਸਵਾਮੀ : ਦੇਵ ! ਮੈਂ ਇਸ ਵੇਲੇ ਇਕ ਜ਼ਰੂਰੀ ਕੰਮ ਲਈ ਆਇਆ ਹਾਂ ।

ਰਾਮ ਗੁਪਤ : ਓਹ ! ਮੈਂ ਤਾਂ ਭੁੱਲ ਹੀ ਗਿਆ ਸਾਂ। ਉਹ ਜਾਹਲ ਸ਼ਕ-ਰਾਜਾ ਕੀ ਚਾਹੁੰਦਾ ਹੈ ? ਮੈਂ ਹਮਲਾ ਨਾ ਕਰਾਂ ? ਇਹੀ ਚਾਹੁੰਦਾ ਹੈ ਨਾ ? ਛੱਡੋ ਫਿਰ, ਯੁੱਧ ਕੋਈ ਚੰਗੀ ਗੱਲ ਤਾਂ ਨਹੀਂ !

ਸ਼ਿਖਰਸਵਾਮੀ : ਉਹ ਕੁਝ ਹੋਰ ਵੀ ਚਾਹੁੰਦਾ ਹੈ ।

ਰਾਮ ਗੁਪਤ : ਕੀ ਕੁਝ ਸਹਾਇਤਾ ਵੀ ਮੰਗਦਾ ਹੈ ?

ਸ਼ਿਖਰਸਵਾਮੀ : (ਸਿਰ ਝੁਕਾ ਕੇ ਗੰਭੀਰਤਾ ਨਾਲ) ਨਹੀਂ ਦੇਵ ! ਉਹ ਬਹੁਤ ਹੀ ਹੋਛੀ ਤੇ ਸਭਿਅਤਾ ਤੋਂ ਗਿਰੀ ਹੋਈ ਮੰਗ ਕਰ ਰਿਹਾ ਹੈ ।

ਰਾਮ ਗੁਪਤ : ਕੀ ? ਕੁਝ ਕਹੋ ਵੀ !

ਸ਼ਿਖਰਸਵਾਮੀ : ਖ਼ਿਮਾ ਕਰਨਾ ਮਹਾਰਾਜ ! ਦੂਤ ਨੂੰ ਤਾਂ ਕੋਈ ਸਜ਼ਾ ਨਹੀਂ ਦਿਤੀ ਜਾ ਸਕਦੀ; ਇਸ ਲਈ ਉਸ ਦਾ ਸੁਨੇਹਾ ਸੁਣਨਾ ਹੀ ਪਿਆ । ਉਹ ਕਹਿੰਦਾ ਸੀ ਕਿ ਸ਼ਕ-ਰਾਜਾ ਨਾਲ ਧਰੁਵ-ਸਵਾਮਿਨੀ ਦਾ.......

(ਰੁੱਕ ਕੇ ਧਰੁਵਸਵਾਮਿਨੀ ਵਲ ਤੱਕਣ ਲਗਦਾ ਹੈ ।

ਧਰੁਵਸਵਾਮਿਨੀ ਸਿਰ ਹਿਲਾ ਕੇ ਕਹਿਣ ਦੀ ਆਗਿਆ ਦਿੰਦੀ ਹੈ) ।

ਵਿਆਹ-ਸੰਬੰਧ ਪੱਕਾ ਹੋ ਚੁੱਕਿਆ ਸੀ, ਇਸ ਵਿਚਕਾਰ ਹੀ ਆਰੀਆ ਸਮੁੰਦਰ ਗੁਪਤ ਦੀ ਵਿਜੈ ਯਾਤਰਾ ਦੇ ਦੌਰਾਨ ਮਹਾਦੇਵੀ ਦੇ ਪਿਤਾ ਨੇ ਭੱਟ-ਰੂਪ 'ਚ ਉਨ੍ਹਾਂ ਨੂੰ ਗੁਪਤ ਕੁਲ 'ਚ ਭੇਜ ਦਿੱਤਾ, ਇਸ ਲਈ ਮਹਾਦੇਵੀ ਨੂੰ ਉਹ.. .. ..

ਰਾਮ ਗੁਪਤ : ਹੈਂ ! ਕੀ ਕਹਿੰਦੇ ਹੋ ਮੰਤਰੀ ? ਕੀ ਉਹ ਮਹਾਦੇਵੀ ਨੂੰ ਮੰਗਦਾ ਹੈ ?

ਸ਼ਿਖਰਸਵਾਮੀ : ਹਾਂ ਦੇਵ ! ਨਾਲੇ ਉਹ ਆਪਣੇ ਸਰਦਾਰਾਂ ਲਈ ਵੀ ਮਗਧ ਦੇ ਸਰਦਾਰਾਂ ਦੀਆਂ ਵਹੁਟੀਆਂ ਮੰਗਦਾ ਹੈ ।

ਰਾਮ ਗੁਪਤ : (ਸਾਹ ਲੈ ਕੇ) ਠੀਕ ਹੀ ਹੈ, ਜਦ ਉਸ ਦੇ ਪਾਸ ਸਰਦਾਰ ਹਨ; ਤਦ ਉਨ੍ਹਾਂ ਲਈ ਵੀ ਔਰਤਾਂ ਚਾਹੀਦੀਆਂ ਹੀ ਹਨ । ਹਾਂ, ਕੀ ਇਹ ਸੱਚ ਹੈ ਕਿ ਮਹਾਦੇਵੀ ਦੇ ਪਿਤਾ ਨੇ ਪਹਿਲਾਂ ਸ਼ਕ-ਰਾਜਾ ਨਾਲ ਇਨ੍ਹਾਂ ਦਾ ਸੰਬੰਧ ਪੱਕਾ ਕੀਤਾ ਸੀ ?

ਸ਼ਿਖਰਸਵਾਮੀ : ਇਹ ਤਾਂ ਮੈਨੂੰ ਨਹੀਂ ਪਤਾ । (ਧਰੁਵਸਵਾਮਿਨੀ ਗੁੱਸੇ ਨਾਲ ਭਰੀ-ਪੀਤੀ ਇੱਧਰ ਉੱਧਰ ਟਹਿਲਣ ਲਗਦੀ ਹੈ) ।

ਰਾਮ ਗੁਪਤ : ਮਹਾਦੇਵੀ ! ਮੰਤਰੀ ਕੀ ਪੁੱਛਦੇ ਹਨ ?

ਧਰੁਵਸਵਾਮਿਨੀ : ਆਪ ਦੇ ਇਸ ਪਹਿਲੇ ਵਾਰਤਾਲਾਪ ਲਈ ਮੈਂ ਧੰਨਵਾਦੀ ਹਾਂ ਮਹਾਰਾਜ ! ਪਰ ਮੈਂ ਵੀ ਇਹ ਜਾਣਨਾ ਚਾਹੁੰਦੀ ਹਾਂ ਕਿ ਕੀ ਗੁਪਤ ਸਾਮਰਾਜ ਇਸਤਰੀ ਭੇਟ ਦੇਣ ਨਾਲ ਹੀ ਵਧਿਆ ਫੁੱਲਿਆ ਹੈ ?

ਰਾਮਗੁਪਤ : (ਸ਼ਰਮਿੰਦਾ ਜਿਹਾ ਹੋ ਕੇ ਹੱਸਦਾ ਹੋਇਆ) ਹੈਂ...... ਹੈਂ...ਹੈਂ ਦੱਸੋ ਮੰਤਰੀ ਜੀ।

ਸ਼ਿਖਰਸਵਾਮੀ : ਮੈਂ ਕੀ ਦੱਸਾਂ ? ਦੁਸ਼ਮਨ ਪੱਖ ਦਾ ਇਹੋ ਹੀ ਸੰਧੀ-ਸੁਨੇਹਾ ਹੈ । ਜੇਕਰ ਮਨਜ਼ੂਰ ਨਾ ਹੋਵੇ ਤਾਂ ਯੁੱਧ ਕਰੋ । ਕੈਂਪ ਦੁਤਰਫ਼ੀ ਘਿਰ ਗਿਆ ਹੈ। ਉਸ ਦੀ ਗੱਲ ਮੰਨੋ ਜਾਂ ਪ੍ਰਾਣ ਦੇ ਕੇ ਵੀ ਕੁਲ ਦੀ; ਮਰਯਾਦਾ ਦੀ ਰਖਿਆ ਕਰੋ । ਦੂਜਾ ਕੋਈ ਉਪਾ ਨਹੀਂ ।

ਰਾਮਗੁਪਤ : (ਤ੍ਰਬਕ ਕੇ) ਕੀ ਪ੍ਰਾਣ ਦੇਣ ਤੋਂ ਬਿਨਾ ਹੋਰ ਕੋਈ ਉਪਾ ਨਹੀਂ ? ਉਹੀ, ਤਾਂ, ਤਾਂ ਮਹਾਦੇਵੀ ਨੂੰ ਪੁੱਛੋ।

ਧਰੁਵਸਵਾਮਿਨੀ : (ਤਿੱਖੀ ਆਵਾਜ਼ ਨਾਲ) ਤੇ ਤੁਸੀਂ ਲੋਕ ਕੁੱਬਿਆਂ, ਬਣਿਆ ਤੇ ਖ਼ੁਸਰਿਆਂ ਦਾ ਨਾਚ ਵੇਖਗੇ । ਮੈਂ ਜਾਣਨਾ ਚਾਹੁੰਦੀ ਹਾਂ ਕਿ ਕਿਸ ਨੇ ਸੁੱਖ-ਦੁੱਖ ਵਿਚ ਮੇਰਾ ਸਾਥ ਨ ਛੱਡਣ ਦੀ ਪ੍ਰਤਿਗਿਆ ਕੀਤੀ ਸੀ ਅਗਨੀ ਦੇਵਤਾ ਦੇ ਸਾਮ੍ਹਣੇ ?

ਰਾਮਗੁਪਤ : (ਚੁਤਰਫ਼ੀ ਵੇਖ ਕੇ) ਕਿਸ ਨੇ ਕੀਤੀ ਹੈ, ਕੋਈ ਬੋਲਦਾ ਕਿਉਂ ਨਹੀਂ ?

ਧਰੁਵਸਵਾਮਿਨੀ : ਤਾਂ; ਕੀ ਮੈਂ ਮਹਾਰਾਜਾ ਰਾਮਗੁਪਤ ਦੀ ਮਹਾਂਦੇਵੀ ਨਹੀਂ ਹਾਂ ?

ਰਾਮਗੁਪਤ : ਕਿਉਂ ਨਹੀਂ ? ਪਰ ਰਾਮਗੁਪਤ ਨੇ ਕੋਈ ਅਜਿਹੀ ਪ੍ਰਤਿੱਗਿਆ ਨਹੀਂ ਕੀਤੀ ਹੋਵੇਗੀ । ਮੈਂ ਤਾਂ ਉਸ ਦਿਨ ਸ਼ਰਾਬ 'ਚ ਟੁੱਬੀਆਂ ਮਾਰ ਰਿਹਾ ਸੀ । ਪ੍ਰੋਹਿਤਾਂ ਨੇ ਪਤਾ ਨਹੀਂ ਕੀ ਕੀ ਪੜ੍ਹਾ ਦਿੱਤਾ ਹੋਵੇਗਾ ? ਉਨ੍ਹਾਂ ਸਾਰੀਆਂ ਗੱਲਾਂ ਦੀ ਜ਼ਿੰਮੇਵਾਰੀ ਮੇਰੇ ਸਿਰ ਤੇ !

(ਸਿਰ ਹਿਲਾਉਂਦਾ ਹੈ) ਬਿਲਕੁਲ ਨਹੀਂ ।

ਧਰੁਵਸਵਾਮਿਨੀ: (ਨਿਆਸਰੀ ਜਿਹੀ ਹੋ ਕੇ, ਦੀਨਤਾ ਨਾਲ ਸ਼ਿਖਰਸਵਾਮੀ ਵੱਲ) ਇਹ ਤਾਂ ਹੋਈ ਰਾਜਾ ਦੀ ਹਾਲਤ, ਹੁਣ ਸੁਣਾਓ ਮੰਤਰੀ ਜੀ ਕੀ ਕਹਿੰਦੇ ਹਨ ?

ਸ਼ਿਖਰਸਵਾਮੀ : ਦੇਵੀ, ਮੈਂ ਕਹਾਂਗਾ । ਮੌਕੇ ਦੇ ਅਨੁਸਾਰ ਰਾਜ ਦੀ ਰੱਖਿਆ ਕਰਨ ਵਾਲੀ ਉਚਿੱਤ ਸਲਾਹ ਦੇਣਾ ਹੀ ਤਾਂ ਮੇਰਾ ਫ਼ਰਜ਼ ਹੈ। ਰਾਜ-ਨੀਤੀ ਦੇ ਸਿੱਧਾਂਤ 'ਚ ਰਾਸ਼ਟਰ ਦੀ ਰਖਿਆ ਸਾਰੇ ਉਪਾਵਾਂ ਨਾਲ ਕਰਨ ਦਾ ਆਦੇਸ਼ ਹੈ । ਉਸ ਦੇ ਲਈ ਰਾਜਾ, ਬਾਣੀ, ਕੁਮਾਰ ਤੇ ਮੰਤਰੀ ਸਭ ਦਾ ਤਿਆਗ ਕੀਤਾ ਜਾ ਸਕਦਾ ਹੈ, ਪਰ ਰਾਜ-ਤਿਆਗ ਅੰਤਿਮ ਉਪਾ ਹੈ।

ਰਾਮਗੁਪਤ : (ਪ੍ਰਸੰਨਤਾ ਨਾਲ) ਵਾਹ! ਕੀ ਕਿਹਾ ਤੁਸੀਂ ? ਤਦੇ ਤਾਂ ਲੋਕ ਤੁਹਾਨੂੰ ਨੀਤੀ-ਸ਼ਾਸਤਰ ਦਾ ਬ੍ਰਿਹਸਪਤੀ ਮੰਨਦੇ ਹਨ।

ਧਰੁਵਸਵਾਮਿਨੀ : ਮੰਤਰੀ, ਤੁਸੀ ਬ੍ਰਿਹਸਪਤੀ ਹੋ ਜਾਂ ਸ਼ੁੱਕਰ, ਪਰ ਕੀ ਚਾਲਾਕ ਹੋਣ ਤੇ ਵੀ ਮਨੁੱਖ ਭੁੱਲ ਨਹੀਂ ਕਰ ਸਕਦਾ ? ਆਰੀਆ ਸਮੁੰਦਰ ਗੁਪਤ ਦੇ ਪੁੱਤਰ ਨੂੰ ਪਛਾਣਨ 'ਚ ਕੀ ਤੁਸੀਂ ਭੁੱਲ ਤਾਂ ਨਹੀਂ ਕੀਤੀ ? ਸਿੰਘਾਸਣ ਉਤੇ ਗਲਤੀ ਨਾਲ ਕਿਸੇ ਹੋਰ ਨੂੰ ਤਾਂ ਨਹੀਂ ਬਿਠਾ ਦਿਤਾ ?

ਰਾਮਗੁਪਤ : (ਹੈਰਾਨੀ ਨਾਲ) ਕੀ ? ਕੀ ?? ਕੀ ???

ਧਰੁਵਸਵਾਮਿਨੀ : ਕੁਝ ਨਹੀਂ । ਮੈਂ ਸਿਰਫ਼ ਇਹ ਕਹਿਣਾ ਚਾਹੁੰਦੀ ਹਾਂ ਕਿ ਮਰਦਾਂ ਨੇ ਇਸਤ੍ਰੀਆਂ ਨੂੰ ਆਪਣੀ ਪਸ਼ੂ-ਸੰਮਤੀ ਮੰਨ ਕੇ ਉਨ੍ਹਾਂ ਤੇ ਜਿਹੜਾ ਅਤਿਆਚਾਰ ਕਰਨ ਦਾ ਅਭਿਆਸ ਬਣਾ ਲਿਆ ਹੈ, ਉਹ ਮੇਰੇ ਨਾਲ ਨਹੀਂ ਚਲ ਸਕਦਾ । ਜੇਕਰ ਤੁਸੀਂ ਮੇਰੀ ਰੱਖਿਆ ਨਹੀਂ ਕਰ ਸਕਦੇ, ਆਪਣੀ ਕੁੱਲ ਦੀ ਮਰਯਾਦਾ, ਨਾਰੀ ਦੇ ਗੌਰਵ ਨੂੰ ਨਹੀਂ ਬਚਾ ਸਕਦੇ, ਤਾਂ ਮੈਨੂੰ ਵੇਚ ਵੀ ਨਹੀਂ ਸਕਦੇ । ਹਾਂ, ਤੁਹਾਨੂੰ ਮੁਸੀਬਤ ਤੋਂ ਬਚਾਉਣ ਖਾਤਰ ਮੈਂ ਆਪ ਹੀ ਇੱਥੋਂ ਚਲੀ ਜਾਵਾਂਗੀ ।

ਸ਼ਿਖ਼ਰਸਵਾਮੀ : (ਮੂੰਹ ਬਣਾ ਕੇ) ਉਹ, ਰਾਜਨੀਤੀ 'ਚ ਅਜਿਹੀਆਂ ਗੱਲਾਂ ਲਈ ਕੋਈ ਥਾਂ ਨਹੀਂ, ਜਦ ਤਕ ਨਿਯਮਾਂ ਦੇ ਅਨੁਕੂਲ ਸੰਧੀ ਦੀ ਪੂਰੀ ਤਰ੍ਹਾਂ ਪਾਲਣਾ ਨਾ ਕੀਤੀ ਜਾਵੇ, ਤਦ ਤਕ ਸੰਧੀ ਦਾ ਕੋਈ ਅਰਥ ਹੀ ਨਹੀਂ ।

ਧਰੁਵਸਵਾਮਿਨੀ : ਮੈਨੂੰ ਦਿਸਦਾ ਹੈ ਕਿ ਰਾਸ਼ਟਰ ਦੇ ਰੱਖਿਆ-ਯੁੱਗ ਵਿਚ ਰਾਣੀ ਦੀ ਬਲੀ ਜ਼ਰੂਰ ਹੀ ਦਿੱਤੀ ਜਾਵੇਗੀ ।

ਸ਼ਿਖ਼ਰਸਵਾਮੀ : ਦੂਜਾ ਕੋਈ ਉਪਾਅ ਹੀ ਨਹੀਂ ਹੈ ।

ਧਰੁਵਸਵਾਮਿਨੀ : (ਕ੍ਰੋਧ ਨਾਲ ਪੈਰ ਪਟਕ ਕੇ) ਉਪਾਅ ਨਹੀਂ, ਤਾਂ ਨਾ ਹੋਵੇ, ਬੇਸ਼ਰਮ ਮੰਤਰੀ! ਮੈਂ ਅਜਿਹਾ ਪ੍ਰਸਤਾਵ ਫਿਰ ਨਹੀਂ ਸੁਣਨਾ ਚਾਹੁੰਦੀ ।

ਰਾਮ ਗੁਪਤ : (ਤ੍ਰਬਕ ਕੇ) ਇਸ ਛੋਟੀ ਜਿਹੀ ਗੱਲ ਲਈ ਇੰਨਾ ਝਗੜਾ ! (ਦਾਸੀ ਵਲ ਤੱਕ ਕੇ) ਮੇਰਾ ਤਾਂ ਗਲਾ ਖ਼ੁਸ਼ਕ ਹੋ ਚਲਿਆ ਹੈ ।

(ਉਹ ਸ਼ਰਾਬ ਦਿੰਦੀ ਹੈ।)

ਧਰੁਵਸਵਾਮਿਨੀ : (ਦ੍ਰਿੜਤਾ ਨਾਲ) ਚੰਗਾ, ਹੁਣ ਮੈਂ ਚਾਹੁੰਦੀ ਹਾਂ ਕਿ ਮੰਤਰੀ ਆਪਣੇ ਮੰਤਰਾਲੇ ਵਿਚ ਤਸ਼ਰੀਫ਼ ਲੈ ਜਾਣ । ਮੈਂ ਕੇਵਲ ਰਾਣੀ ਹੀ ਨਹੀਂ, ਇਸਤਰੀ ਵੀ ਹਾਂ । ਮੈਂ ਆਪਣੇ ਆਪ ਨੂੰ ਪਤੀ ਕਹਿਣ ਵਾਲੇ ਮਰਦ ਨਾਲ ਗਲ ਕਰਨੀ ਹੈ, ਰਾਜਾ ਨਾਲ ਨਹੀਂ।

(ਸ਼ਿਖ਼ਰਸਵਾਮੀ ਦਾਸੀਆਂ ਨਾਲ ਚਲਾ ਜਾਂਦਾ ਹੈ ।)

ਰਾਮ ਗੁਪਤ : ਰੁਕੋ ਜੀ ! ਮੈਂ, ਵੀ ਚਲਦਾ ਹਾਂ । (ਉਠਣਾ ਚਾਹੁੰਦਾ ਹੈ । ਧਰੁਵਸਵਾਮਿਨੀ ਉਸ ਦਾ ਹੱਥ ਫੜ ਕੇ ਰੋਕ ਲੈਂਦੀ ਹੈ ।) ਤੂੰ ਮੈਨੂੰ ਕੀ ਕਹਿਣਾ ਚਾਹੁੰਦੀ ਹੈ ?

ਧਰੁਵਸਵਾਮਿਨੀ : (ਰੁਕ ਕੇ) ਕੀ ਇਕੱਲਿਆਂ ਇਥੇ ਡਰ ਲਗਦਾ ਹੈ ? ਬੈਠੋ, ਸੁਣੋ । ਮੇਰੇ ਪਿਤਾ ਨੇ ਭੇਟ ਵਜੋਂ ਕੰਨਿਆ-ਦਾਨ ਕੀਤਾ ਸੀ। ਪਰ ਕੀ ਗੁਪਤ ਸਮਰਾਟ ਆਪਣੀ ਪਤਨੀ ਦੁਸ਼ਮਨ ਨੂੰ ਭੇਟ ਕਰ ਦੇਵੇਗਾ ? (ਗੋਡਿਆਂ ਭਾਰ ਬਹਿ ਕੇ) ਤੱਕ, ਮੇਰੇ ਵੱਲ ਤੱਕ । ਕੀ ਮੇਰਾ ਇਸਤਰੀਤਵ ਇੰਨੇ ਦਾ ਵੀ ਹੱਕਦਾਰ ਨਹੀਂ ਕਿ ਆਪਣੇ ਆਪ ਨੂੰ ਸਵਾਮੀ ਸਮਝਣ ਵਾਲਾ ਮਰਦ ਉਸ ਲਈ ਆਪਣੀ ਜਾਨ ਦੀ ਬਾਜ਼ੀ ਲਾ ਸਕੇ?

ਰਾਮ ਗੁਪਤ : (ਉਸ ਵਲ ਤਕਦਾ ਹੋਇਆ) ਤੂੰ ਸੁਹਣੀ ਹੈਂ, ਕਿੰਨੀ ਸੁਹਣੀ ਹੈਂ ! ਪਰ ਸੋਨੇ ਦੀ ਕਟਾਰ ਤੇ ਮੋਹਿਤ ਹੋ ਕੇ ਉਸ ਨੂੰ ਆਪਣੇ ਹਿਰਦੇ 'ਚ ਕੋਈ ਨਹੀਂ ਖੋਭ ਸਕਦਾ । ਤੇਰੀ ਸੁੰਦਰਤਾ, ਤੇਰਾ ਨਾਰੀਤਵ, ਅਮੋਲ ਹੋ ਸਕਦਾ ਹੈ । ਫੇਰ ਵੀ ਮੇਰੀ ਹੋਂਦ ਮੇਰੇ ਲਈ ਕਿੰਨੀ ਲੋੜੀਂਦੀ ਹੈ, ਇਹ ਤੂੰ ਬਿਲਕੁਲ ਨਹੀਂ ਜਾਣਦੀ ।

ਧਰੁਵਸਵਾਮਿਨੀ : (ਉਸ ਦੇ ਪੈਰੀਂ ਪੈ ਕੇ) ਮੈਂ ਗੁਪਤ-ਕੁਲ ਦੀ ਬਹੂ ਹੋ ਕੇ ਇਸ ਰਾਜ-ਪਰਿਵਾਰ ਵਿਚ ਆਈ ਹਾਂ । ਇਸ ਭਰੋਸੇ ਤੇ........... ।

ਰਾਮ ਗੁਪਤ : (ਉਸ ਨੂੰ ਟੋਕ ਕੇ) ਇਹ ਸਭ ਕੁਝ ਮੈਂ ਨਹੀਂ ਸੁਣਨਾ ਚਾਹੁੰਦਾ ।

ਧਰੁਵਸਵਾਮਿਨੀ : ਮੇਰੀ ਰੱਖਿਆ ਕਰੋ । ਮੇਰੇ ਤੇ ਆਪਣੇ ਗੌਰਵ ਦੀ ਰੱਖਿਆ ਕਰੋ । ਰਾਜਾ! ਅੱਜ ਮੈਂ ਆਪ ਜੀ ਦੀ ਸ਼ਰਨ ਮੰਗਦੀ ਹਾਂ । ਮੈਂ ਮੰਨਦੀ ਹਾਂ ਕਿ ਅੱਜ ਤੱਕ ਮੈਂ ਤੁਹਾਡੇ ਵਿਲਾਸ ਦੀ ਸਾਥਣ ਨਹੀਂ ਬਣੀ, ਪਰ ਮੇਰਾ ਉਹ ਹੰਕਾਰ ਚਕਨਾਚੂਰ ਹੋ ਚੁਕਿਆ ਹੈ । ਮੈਂ ਤੁਹਾਡੀ ਹੋ ਕੇ ਰਹਾਂਗੀ। ਰਾਜ ਤੇ ਸੰਪਤੀ ਦਾ ਮਾਲਿਕ ਹੁੰਦੇ ਹੋਏ ਸਵਾਮੀ ਰਾਜੇ ਨੂੰ-ਮਰਦ ਨੂੰ ਬਹੁਤ ਸਾਰੀਆਂ ਰਾਣੀਆਂ ਤੇ ਔਰਤਾਂ ਪ੍ਰਾਪਤ ਹੁੰਦੀਆਂ ਹਨ, ਪਰ ਆਦਮੀ ਦਾ ਮਾਣ ਟੁੱਟ ਜਾਵੇ ਤਾਂ ਉਹ ਮੁੜ ਪ੍ਰਾਪਤ ਨਹੀਂ ਹੁੰਦਾ ।

ਰਾਮ ਗੁਪਤ : (ਘਬਰਾ ਕੇ, ਉਸ ਦਾ ਹੱਥ ਪਰੇ ਹਟਾਉਂਦਾ ਹੋਇਆ) ਓਹ ! ਤੇਰੀ ਇਹ ਮਾਰੂ ਛੋਹ ਬਹੁਤ ਤਿੱਖੀ ਹੈ । ਮੈਂ ਨਹੀਂ । ਤੂੰ, ਮੇਰੀ ਰਾਣੀ ? ਨਹੀਂ, ਨਹੀਂ। ਚਲੀ ਜਾ, ਤੈਨੂੰ ਜਾਣਾ ਹੀ ਪਵੇਗਾ । ਤੂੰ ਤੁਹਫ਼ੇ ਦੀ ਵਸਤੂ ਹੈਂ । ਅੱਜ ਮੈਂ ਤੈਨੂੰ ਕਿਸੇ ਹੋਰ ਦੀ ਭੇਟਾ ਕਰਨਾ ਚਾਹੁੰਦਾ ਹਾਂ । ਤੈਨੂੰ ਇਸ ਵਿਚ ਕੀ ਇਤਰਾਜ਼ ਹੈ ?

ਧਰੁਵਸਵਾਮਿਨੀ : (ਗੁੱਸੇ ਵਿਚ ਖੜੀ ਹੋ ਕੇ) ਬੇਸ਼ਰਮ ! ਸ਼ਰਾਬੀ ! ਨੀਚ ! ਓਹ ! ਤਾਂ ਮੇਰਾ ਕੋਈ ਰਾਖਾ ਨਹੀਂ ? (ਰੁੱਕ ਕੇ) ਨਹੀਂ, ਮੈਂ ਆਪਣੀ ਰੱਖਿਆ ਆਪ ਕਰਾਂਗੀ। ਮੈਂ ਭੇਟਾ ਦੀ ਵਸਤੂ, ਠੰਡੀ ਮਣੀ ਨਹੀਂ ਹਾਂ । ਮੇਰੇ ਅੰਦਰ ਵੀ ਰੱਤ ਦੀ ਲਾਲੀ ਹੈ । ਮੇਰੇ ਹਿਰਦੇ ਅੰਦਰ ਵੀ ਗਰਮੀ ਹੈ, ਉਸ ਵਿਚ ਆਤਮ-ਸਨਮਾਨ ਦੀ ਜੋਤ ਜਗਦੀ ਹੈ। ਉਸ ਦੀ ਰੱਖਿਆ ਮੈਂ ਖ਼ੁਦ ਹੀ ਕਰਾਂਗੀ । (ਕਟਾਰ ਕੱਢਦੀ ਹੈ ।)

ਰਾਮ ਗੁਪਤ : (ਡਰਦਾ ਹੋਇਆ ਤੇ ਪਿੱਛੇ ਹਟਦਾ ਹੋਇਆ) ਤੇ ਕੀ ਤੂੰ ਮੇਰੀ ਹੱਤਿਆ ਕਰੇਂਗੀ?

ਧਰੁਵਸਵਾਮਿਨੀ : ਤੇਰੀ ਹੱਤਿਆ ? ਨਹੀਂ, ਤੂੰ ਜੀ, ਯੁਗ ਯੁਗ ਜੀ । ਭੇਡ ਵਾਂਗ ਤੇਰਾ ਤੁੱਛ ਜੀਵਨ! ਤੇਰੇ ਲਹੂ ਨਾਲ ਹੱਥ ਨਹੀਂ ਗੰਦੇ ਕਰਾਂਗੀ, ਮੈਂ ਆਪਣੀ ਹੀ ਜ਼ੀਵਨ-ਲੀਲਾ ਸਮਾਪਤ ਕਰਾਂਗੀ ।

ਰਾਮ ਗੁਪਤ : ਪਰ ਤੇਰੇ ਮਰਨ ਤੇ ਉਸ ਜੰਗਲੀ ਸ਼ਕ-ਰਾਜ਼ ਕੋਲ ਕਿਸ ਨੂੰ ਭੇਜਾਂਗਾ ? ਨਹੀਂ, ਨਹੀਂ, ਅਜਿਹਾ ਨਾ ਕਰੀਂ । ਹੱਤਿਆ ! ਹੱਤਿਆ !! ਦੌੜੋ ! ਦੌੜੋ !! (ਦੌੜਦਾ ਹੋਇਆ ਨਿਕਲ ਜਾਂਦਾ ਹੈ । ਦੂਜੇ ਪਾਸਿਓਂ ਤੇਜ਼-ਕਦਮੀਂ ਚੰਦਰ ਗੁਪਤ ਆਉਂਦਾ ਹੈ ।)

ਚੰਦਰ ਗੁਪਤ : ਹੱਤਿਆ ? ਕਿਹੀ ਹੱਤਿਆ ? (ਧਰੁਵਸਵਾਮਿਨੀ ਨੂੰ ਵੇਖ ਕੇ) ਇਹ ਕੀ? ਮਹਾਦੇਵੀ ਰੁਕੋ ।

ਧਰੁਵਸਵਾਮਿਨੀ : ਕੁਮਾਰ, ਤੁਸੀਂ ਵੀ ਇਸੇ ਵੇਲੇ ਹੀ ਆਉਣਾ ਸੀ ! (ਕਰੁਣਾ ਭਰੀਆਂ ਅੱਖਾਂ ਨਾਲ ਵੇਖਦੀ ਹੋਈ) ਮੈਂ ਬੇਨਤੀ ਕਰਦੀ ਹਾਂ ਕਿ ਤੁਸੀਂ ਇਥੋਂ ਚਲੇ ਜਾਓ ! ਮੇਰੇ ਅਪਮਾਨਿਤ ਜੀਵਨ ਤੇ ਝਾਤ ਪਾਉਣ ਦਾ ਕਿਸੇ ਪੁਰਖ ਦਾ ਹੱਕ ਨਹੀਂ। ਮੈਨੂੰ ਮੌਤ ਦੀ ਚੱਦਰ ਨਾਲ ਆਪਣੇ ਆਪ ਨੂੰ ਕੱਜ ਲੈਣ ਦਿਓ ।

ਚੰਦਰ ਗੁਪਤ : ਪਰ ਕੀ ਮੈਂ ਕਾਰਣ ਸੁਣਨ ਦਾ ਵੀ ਅਧਿਕਾਰੀ ਨਹੀਂ ?

ਧਰੁਵਸਵਾਮਿਨੀ : ਸੁਣੋਗੇ ? (ਰੁਕਦੀ ਹੈ ਤੇ ਸੋਚਦੀ ਹੋਈ) ਨਹੀਂ, ਅਜੇ ਮੈਂ ਆਤਮ-ਹੱਤਿਆ ਨਹੀਂ ਕਰਾਂਗੀ । ਜਦ ਤੁਸੀਂ ਆ ਗਏ ਹੋ ਤਾਂ ਮੈਂ ਥੋੜਾ ਚਿਰ ਰੁਕਾਂਗੀ । ਇਹ ਤਿੱਖੀ ਛੁਰੀ ਇਸ ਅਤ੍ਰਿਪਤ ਹਿਰਦੇ 'ਚ, ਖਿੜਦੇ ਹੋਏ ਫੁਲ 'ਚ ਜ਼ਹਿਰੀ ਕੀੜੇ ਦੇ ਡੰਗ ਵਾਂਗ ਚੋਭ ਦਿਆਂ ਜਾਂ ਨਹੀਂ, ਇਸ ਤੇ ਸੋਚਾਂਗੀ। ਜੇਕਰ ਨਹੀਂ, ਤਾਂ ਕੀ ਮੇਰੀ ਇਸ ਦੁਰਦਸ਼ਾ ਦਾ ਫਲ ਕੁਝ ਹੋਰ ਹੈ? ਹਾਂ, ਜੀਵਨ ਲਈ ਕਿਰਤਾਰਥ, ਧੰਨਵਾਦੀ ਤੇ ਆਭਾਰੀ ਹੋ ਕੇ ਕਿਸੇ ਦੇ ਹੰਕਾਰ ਭਰੇ ਸਵੈ-ਵਿਗਿਆਪਨ ਦਾ ਭਾਰ ਢੋਂਦੀ ਰਹਾਂ ? ਕੀ ਇਹੋ ਵਿਧਾਤਾ ਦਾ ਕਠੋਰ ਵਿਧਾਨ ਹੈ ? ਛੁਟਕਾਰਾ ਨਹੀਂ ? ਕੀ ਜੀਵਨ, ਕਿਸਮਤ ਦੇ ਕਠੋਰ ਆਦੇਸ਼ ਤੇ ਹੀ ਚੱਲਣ ਨੂੰ ਮਜਬੂਰ ਕਰੇਗਾ ? ਫਿਰ ਕੀ ਇਹ ਜੀਵਨ ਵੀ ਮੇਰਾ ਆਪਣਾ ਨਹੀਂ ਹੈ ?

ਚੰਦਰ ਗੁਪਤ : ਦੇਵੀ, ਜੀਵਨ ਵਿਸ਼ਵ ਦੀ ਅਮਾਨਤ ਹੈ। ਅਸਾਵਧਾਨੀ ਨਾਲ, ਥੋੜ੍ਹ-ਚਿਰੇ ਆਵੇਸ਼ ਤੇ, ਜਾਂ ਦੁੱਖ ਤਕਲੀਫ਼ਾਂ ਕਾਰਣ ਉਸ ਨੂੰ ਬਰਬਾਦ ਕਰਨਾ ਤਾਂ ਉਚਿਤ ਨਹੀਂ । ਗੁਪਤ-ਕੁਲ ਦੀ ਲੱਛਮੀ ਅਜ ਇਹ ਸਿਰ-ਲੱਥ ਦੇਵੀ ਦਾ ਰੂਪ ਕਿਸ ਲਈ ਧਾਰਨ ਕਰਨਾ ਚਾਹੁੰਦੀ ਹੈ ? ਮੈਂ ਵੀ ਸੁਣਾਂ ?

ਧਰੁਵਸਵਾਮਿਨੀ : ਨਹੀਂ, ਮੈਂ ਨਹੀਂ ਮਰਾਂਗੀ । ਕਿਉਂਕਿ ਤੁਸੀਂ ਆ ਗਏ ਹੋ। ਮੇਰੀ ਡੋਲੀ ਦੇ ਨਾਲ ਚੌਰ ਝਲੀਦੇ ਸਜੇ ਹੋਏ ਘੋੜੇ ਤੇ ਚੜ੍ਹੇ ਤੁਸੀਂ ਹੀ ਤਾਂ ਉਸ ਦਿਨ ਆਏ ਸੀ ? ਤੁਹਾਡਾ ਵਿਸ਼ਵਾਸ਼-ਪੂਰਣ ਚਿਹਰਾ ਮੇਰੇ ਨਾਲ ਆਉਣ ਵਿਚ ਕਿਉਂ ਇੰਨਾ ਖ਼ੁਸ਼ ਸੀ ?

ਚੰਦਰ ਗੁਪਤ : ਮੈਂ ਗੁਪਤ-ਕੁਲ ਦੀ ਵਹੁਟੀ ਨੂੰ ਆਦਰ ਸਹਿਤ ਲੈ ਆਉਣ ਲਈ ਗਿਆ ਸੀ । ਫਿਰ ਖ਼ੁਸ਼ ਕਿਉਂ ਨਾ ਹੁੰਦਾ ?

ਧਰੁਵਸਵਾਮਿਨੀ : ਤਾਂ ਫੇਰ ਮੈਨੂੰ ਸ਼ਕਾਂ ਦੇ ਕੈਂਪ 'ਚ ਪੁਚਾਉਣ ਲਈ ਵੀ ਮੇਰੇ ਨਾਲ ਉਸੇ ਤਰ੍ਹਾਂ ਜਾਣਾ ਪਵੇਗਾ ।

(ਅਥਰੂ ਪੂੰਝਦੀ ਹੈ ।)

ਚੰਦਰ ਗੁਪਤ : (ਹੈਰਾਨੀ ਨਾਲ) ਇਹ ਕਿਹਾ ਮਜ਼ਾਕ ।

ਧਰੁਵਸਵਾਮਿਨੀ : ਕੁਮਾਰ ! ਇਹ ਮਜ਼ਾਕ ਨਹੀਂ, ਰਾਜ-ਆਗਿਆ ਹੈ । ਸ਼ਕ-ਰਾਜ ਨੂੰ ਮੇਰੀ ਬਹੁਤ ਹੀ ਜ਼ਰੂਰਤ ਹੈ । ਇਹ ਬਿਪਤਾ ਮੇਰੀ ਭੇਂਟ ਦਿਤੇ ਬਿਨਾਂ ਨਹੀਂ ਟਲ ਸਕਦੀ ।

ਚੰਦਰ ਗੁਪਤ : (ਗੁੱਸੇ ਨਾਲ) ਇਹ ਨਹੀਂ ਹੋ ਸਕਦਾ । ਮਹਾਦੇਵੀ ! ਜਿਸ ਮਰਯਾਦਾ ਲਈ, ਜਿਸ ਮਹੱਤਵ ਨੂੰ ਚਿਰਜੀਵੀ ਬਣਾਉਣ ਲਈ ਮੈਂ ਰਾਜ-ਅਧਿਕਾਰ ਗ੍ਰਹਿਣ ਨਾ ਕਰ ਕੇ ਪਿਤਾ ਤੋਂ ਪ੍ਰਾਪਤ ਹੋਇਆ ਅਧਿਕਾਰ ਤਿਆਗਿਆ, ਉਸ ਦੀ ਇਹ ਨਿਰਾਦਰੀ ! ਮੇਰੇ ਹੁੰਦਿਆਂ ਸਵਰਗੀ ਆਰੀਆ ਸਮੁੰਦਰ ਗੁਪਤ ਦੇ ਗੋਰਵ ਨੂੰ ਇਸ ਤਰ੍ਹਾਂ ਪੈਰਾਂ ਵਿਚ ਰੁਲਣਾ ਨਹੀਂ ਪਵੇਗਾ । (ਰੁੱਕ ਕੇ) ਇਕ ਹੋਰ ਵੀ ਗੱਲ ਹੈ। ਮੇਰੇ ਹਿਰਦੇ ਦੇ ਹਨੇਰੇ 'ਚ ਪਹਿਲੀ ਕਰਨ ਵਾਂਗੂ ਪ੍ਰਵੇਸ਼ ਕਰ ਕੇ ਜਿਸ ਨੇ ਅਗਿਆਤ ਭਾਵ ਨਾਲ ਨਿੱਘਾ ਚਾਨਣ ਵਰਤਾ ਦਿਤਾ ਸੀ, ਉਸ ਨੂੰ ਵੀ ਸਿਰਫ਼ ਇਸ ਲਈ ਭੁੱਲਣ ਦਾ ਯਤਨ ਕੀਤਾ ਕਿ-(ਅਚਾਨਕ ਚੁੱਪ ਹੋ ਜਾਂਦਾ ਹੈ।)

ਧਰੁਵਸਵਾਮਿਨੀ : (ਅੱਖਾਂ ਬੰਦ ਕਰ ਕੇ ਉਤਸੁਕਤਾ ਭਰੀ ਖੁਸ਼ੀ ਨਾਲ) ਹਾਂ-ਹਾਂ, ਕਹੋ-ਕਹੋ ।

(ਸ਼ਿਖ਼ਰਸਵਾਮੀ ਨਾਲ ਰਾਮ ਗੁਪਤ ਆਉਂਦਾ ਹੈ ।)

ਰਾਮ ਗੁਪਤ : ਵੇਖ ਕੁਮਾਰ ! ਇਹ ਵੀ ਕੋਈ ਗੱਲ ਹੈ ? ਆਤਮ-ਹੱਤਿਆ ਕਿੱਡਾ ਵਡਾ ਅਪਰਾਧ ਹੈ ।

ਚੰਦਰ ਗੁਪਤ : ਤੇ ਤੁਹਾਡੇ ਕੋਲੋਂ ਤਾਂ ਇਹ ਵੀ ਨਹੀਂ ਹੁੰਦਾ ।

ਰਾਮ ਗੁਪਤ : (ਸ਼ਿਖ਼ਰਸਵਾਮੀ ਨੂੰ) ਜ਼ਰਾ ਵੇਖੋ, ਕੁਮਾਰ ਦੇ ਮਨ 'ਚ ਲੁਕਿਆ ਪਾਪ ਕਿੱਡਾ-ਕਿੱਡਾ ਭਿਆਨਕ ਹੈ ?

ਸ਼ਿਖ਼ਰਸਵਾਮੀ : ਕੁਮਾਰ ! ਨਿੰਮ੍ਰਤਾ ਹੀ ਗੁਪਤ-ਕੁਲ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ, ਉਸ ਨੂੰ ਨਹੀਂ ਭੁੱਲਣਾ ਚਾਹੀਦਾ ਹੈ ।

ਚੰਦਰ ਗੁਪਤ : (ਵਿਅੰਗ ਨਾਲ ਹੱਸ ਕੇ ਮੰਤਰੀ, ਤਦੇ ਤਾਂ ਤੁਸੀਂ ਸਲਾਹ ਦਿਤੀ ਹੈ ਕਿ ਮਹਾਦੇਵੀ ਨੂੰ ਦੇ ਕੇ ਵੀ ਸੰਧੀ ਕੀਤੀ ਜਾਵੇ । ਕਿਉਂ ਇਹੋ ਹੀ ਤਾਂ ਨਿੰਮ੍ਰਤਾ ਦੀ ਅੰਤਿਮ ਸੀਮਾਂ ਹੈ ! ਅਜਿਹੀ ਨਿੰਮ੍ਰਤਾ ਛਲੀਆਂ ਦਾ ਛਲ ਹੈ, ਜਿਸ ਵਿਚ ਸਦ-ਬਿਰਤੀ ਨਾ ਹੋਵੇ ਤੇ ਸਦ-ਬਿਰਤੀ ਆਪਸੀ ਸਨਮਾਨ ਦਾ ਐਲਾਨ ਕਰਦੀ ਹੈ । ਕਾਇਰ, ਆਰੀਆ ਸਮੁੰਦਰ ਗੁਪਤ ਦਾ.. ਸਨਮਾਨ... ।

ਸ਼ਿਖ਼ਰਸਵਾਮੀ : (ਵਿਚੋਂ ਹੀ ਟੁੱਕ ਕੇ) ਉਸ ਲਈ ਮੈਨੂੰ ਮੌਤ ਦੀ ਸਜ਼ਾ ਦਿਓ । ਮੈਂ ਖਿੜੇ ਮੱਥੇ ਸਹਿ ਲਵਾਂਗਾ ? ਪਰ ਰਾਜੇ ਤੇ ਰਾਸ਼ਟਰ ਦੀ ਰੱਖਿਆ ਹੋਣੀ ਹੀ ਚਾਹੀਦੀ ਹੈ ।

ਮੰਦਾਕਿਨੀ : (ਪ੍ਰਵੇਸ਼ ਕਰਨ ਤੇ) ਜੇ ਰਾਜਾ ਆਪਣੇ ਰਾਸ਼ਟਰ ਦੀ ਰੱਖਿਆ ਕਰਨ 'ਚ ਅਸਮਰਥ ਹੈ ਤਦ ਵੀ ਉਸ ਦੀ ਰੱਖਿਆ ਹੋਣੀ ਚਾਹੀਦੀ ਹੈ ! ਮੰਤਰੀ, ਇਹ ਕਿਹੀ ਬੇਬਸੀ ਹੈ ! ਤੁਸੀਂ ਮੌਤ ਦੀ ਸਜ਼ਾ ਲੈਣ ਲਈ ਉਤਾਵਲੇ ! ਮਹਾਦੇਵੀ ਆਤਮ-ਹੱਤਿਆਕਰਨ ਲਈ ਤਿਆਰ ! ਫਿਰ ਇਹ ਸੋਚ-ਵਿਚਾਰ ਕਿਉਂ ? ਇਕ ਵਾਰ ਪੂਰੀ ਤਾਕਤ ਨਾਲ ਅੰਤਿਮ ਹੰਭਲਾ ਮਾਰ ਕੇ ਵੇਖ ਲਵੋ । ਬਚ ਜਾਵੇਗੇ ਤਾਂ ਰਾਸ਼ਟਰ ਤੇ ਸਨਮਾਨ ਵੀ ਬਚੇਗਾ, ਨਹੀਂ ਤਾਂ ਸਰਬਨਾਸ਼ !

ਚੰਦਰ ਗੁਪਤ : ਆਹ ਮੰਦਾ ! ਭਲਾ ਤੂੰ ਇਹ ਵੀਰਤਾਪੂਰਣ ਗਲ ਕਰਨ ਲਈ ਕਿਥੋਂ ਆ ਗਈ ? ਠੀਕ ਹੀ ਤਾਂ ਹੈ ਮੰਤਰੀ! ਸੁਣੋ, ਇਹ ਔਰਤ ਕੀ ਕਹਿੰਦੀ ਹੈ ?

ਰਾਮ ਗੁਪਤ : (ਹੱਥਾਂ ਨੂੰ ਮਲਦਾ ਹੋਇਆ) ਸਾਜ਼ਿਸ਼, ਛਲ, ਮੇਰੇ ਪ੍ਰਾਣ ਲੈਣ ਦੀ ਸਾਜ਼ਿਸ਼।

ਚੰਦਰ ਗੁਪਤ : ਤਾਂ ਆਓ, ਅਸੀਂ ਔਰਤਾਂ ਬਣ ਜਾਈਏ ਤੇ ਬੈਠ ਕੇ ਕੀਰਨੇ ਪਾਈਏ ।

ਖ਼ਸਰਾ : (ਆ ਕੇ) ਕੁਮਾਰ, ਔਰਤ ਬਣਨਾ ਸਹਿਜ ਨਹੀਂ । ਕੁਝ ਦਿਨਾਂ ਲਈ ਮੇਰਾ ਸ਼ਗਿਰਦ ਬਣਨਾ ਪਵੇਗਾ (ਸਭ ਵਲ ਤਕਦਾ ਹੈ ਤੇ ਸ਼ਿਖ਼ਰਸਵਾਮੀ ਦੇ ਮੂੰਹ ਤੇ ਹੱਥ ਫੇਰਦਾ ਹੈ।) ਉਹ ! ਓਹ, ਤੁਸੀਂ ਨਹੀਂ ਬਣ ਸਕਦੇ, ਤੁਹਾਡੀ ਚਮੜੀ

ਬੜੀ ਮੋਟੀ ਹੈ । ਕੁਮਾਰ ਦੇ ਲਾਗੇ ਜਾ ਕੇ) ਕੁਮਾਰ ! ਮੈਂ ਕਸਮ ਖਾ ਕੇ ਕਹਿੰਦੀ ਹਾਂ ਕਿ ਮੈਂ ਆਪਣੇ ਹੱਥਾਂ ਨਾਲ ਤੁਹਾਨੂੰ ਸਜ਼ਾ ਦਿਆਂ ਤਾਂ ਤੁਹਾਨੂੰ ਵੇਖ ਕੇ ਮਹਾਂਦੇਵੀ ਦਾ ਭਰਮ ਪੈ ਜਾਵੇ ।

(ਚੰਦਰ ਗੁਪਤ ਉਸ ਨੂੰ ਕੰਨ ਤੋਂ ਫੜਕੇ ਬਾਹਰ ਕੱਢ ਦਿੰਦਾ ਹੈ।)

ਧਰੁਵਸਵਾਮਿਨੀ : ਛੱਡ ਦਿਓ ਕੁਮਾਰ ਉਸ ਨੂੰ ! ਨਪੁੰਸਕ ਨਹੀਂ ਹੈ । ਬਹੁਤ ਸਾਰੇ ਇਥੇ ਇਕ ਇਹੀ ਹੀ ਤਾਂ ਲੋਕਾਂ ਵਿਚੋਂ ਕਿਸ ਕਿਸ ਨੂੰ ਕਢੋਗੇ ? (ਚੰਦਰ ਗੁਪਤ ਉਸ ਨੂੰ ਛੱਡ ਦਿੰਦਾ ਹੈ । ਆਪ ਫ਼ਿਕਰਮੰਦ ਹੋ ਕੇ ਟਹਿਲਣ ਲਗਦਾ ਹੈ । ਸ਼ਿਖ਼ਰਸਵਾਮੀ ਰਾਮ ਗੁਪਤ ਦੇ ਕੰਨ 'ਚ ਕੁਝ ਕਹਿੰਦਾ ਹੈ ।)

ਚੰਦਰ ਗੁਪਤ : (ਇਕਦਮ ਖੜਾ ਹੋ ਕੇ) ਮੰਤਰੀ, ਤਾਂ ਤੁਹਾਡੀ ਹੀ ਗੱਲ ਠੀਕ ਹੈ । ਹਾਂ; ਉਸ ਵਿਚ ਤੁਹਾਡੇ ਸਹਿਯੋਗੀ ਖ਼ੁਸਰੇ ਦੀ ਸਲਾਹ ਵੀ ਮੈਨੂੰ ਜਚ ਗਈ ਹੈ । ਮੈਂ ਧਰੁਵਸਵਾਮਿਨੀ ਬਣ ਕੇ ਦੂਜੇ ਜਵਾਨ ਸਰਦਾਰਾਂ ਨੂੰ ਲੈ ਕੇ ਸ਼ਕ-ਰਾਜ ਦੇ ਪਾਸ ਜਾਵਾਂਗਾ । ਜੇ ਕਰ ਮੈਂ ਸਫ਼ਲ ਹੋਇਆ ਤਾਂ ਠੀਕ, ਨਹੀਂ ਤਾਂ ਮੇਰੇ ਮਰਨ ਪਿਛੋਂ ਜੋ ਉਚਿਤ ਸਮਝੋ, ਕਰੋ ।

ਧਰੁਵਸਵਾਮਿਨੀ : (ਚੰਦਰ ਗੁਪਤ ਨੂੰ ਆਪਣੀਆਂ ਬਾਹਾਂ ਚ' ਫੜ ਕੇ) ਨਹੀਂ, ਮੈਂ ਤੁਹਾਨੂੰ ਨਹੀਂ ਜਾਣ ਦਿਆਂਗੀ। ਮੇਰੇ ਤੁੱਛ, ਦੁਰਬਲ ਨਾਰੀ-ਜੀਵਨ ਦਾ ਸਨਮਾਨ ਬਚਾਉਣ ਲਈ ਇੱਡੀ ਵੱਡੀ ਕੁਰਬਾਨੀ ਦੀ ਲੋੜ ਨਹੀਂ ।

ਰਾਮ ਗੁਪਤ : (ਹੈਰਾਨੀ ਤੇ ਕ੍ਰੋਧ ਨਾਲ) ਛੱਡੋ ਛੱਡ, ਇਹ ਕਿਹਾ ਅਨਰਥ ਹੈ ! ਸਭ ਦੇ ਸਾਹਮਣੇ ਇਹ ਕਿਹੀ ਬੇਸ਼ਰਮੀ !

ਧਰੁਵਸਵਾਮਿਨੀ : (ਚੰਦਰ ਗੁਪਤ ਨੂੰ ਛੱਡਦੀ ਹੋਈ, ਹੋਸ਼ 'ਚ ਆ ਕੇ) ਇਹ ਪਾਪ ਹੈ ? ਜਿਹੜਾ ਮੇਰੇ ਲਈ ਆਪਣੀ ਬਲੀ ਦੇ ਸਕਦਾ ਹੈ, ਜਿਹੜਾ ਮੇਰੇ ਪਿਆਰ (ਰੁਕ ਕੇ) ਚਲੋ ਛੱਡ, ਇਸ ਨਾਲ ਕੀ ? ਕੀ ਸ਼ਕ-ਰਾਜ ਮੈਨੂੰ ਦੇਵੀ ਥਾਪ ਕੇ ਮੇਰੀ ਭਗਤੀ-ਭਾਵ ਨਾਲ ਪੂਜਾ ਕਰੇਗਾ ? ਵਾਹ ! ਲਾਜ ਦੇ ਪੁਤਲੇ ! (ਸ਼ਿਖ਼ਰਸਵਾਮੀ ਫੇਰ ਰਾਮ ਗੁਪਤ ਦੇ ਕੰਨਾਂ 'ਚ ਕੁਝ ਕਹਿੰਦਾ ਹੈ । ਰਾਮ ਗੁਪਤ ਸਵੀਕਾਰ ਸੂਚਕ ਸਿਰ ਹਿਲਾਉਂਦਾ ਹੈ ।)

ਸ਼ਿਖ਼ਰਸਵਾਮੀ : ਮਹਾਰਾਜ ! ਆਗਿਆ ਦਿਓ, ਇਹੋ ਇਕ ਉਪਾਅ ਹੈ, ਜਿਹੜਾ ਕੁਮਾਰ ਦਸਦੇ ਹਨ । ਪਰ ਰਾਜਨੀਤੀ ਦੇ ਅਨੁਸਾਰ ਮਹਾਦੇਵੀ ਦਾ ਵੀ ਉਥੇ ਜਾਣਾ ਜ਼ਰੂਰੀ ਹੈ ।

ਚੰਦਰ ਗੁਪਤ : (ਕ੍ਰੋਧ ਨਾਲ) ਕਿਉਂ ਜ਼ਰੂਰੀ ਹੈ ? ਜੇਕਰ ਉਨ੍ਹਾਂ ਨੂੰ ਵੀ ਜਾਣਾ ਪਿਆ ਤਾਂ ਫੇਰ ਮੇਰੇ ਜਾਣ ਦਾ ਕੀ ਲਾਭ ? ਫੇਰ ਮੈਂ ਨਹੀਂ ਜਾਂਦਾ ।

ਰਾਮ ਗੁਪਤ : ਨਹੀਂ, ਇਹ ਮੇਰੀ ਆਗਿਆ ਹੈ, ਜਵਾਨ ਸਰਦਾਰਾਂ ਨਾਲ ਜਾਣ ਲਈ ਤਿਆਰ ਹੋ ਜਾਉ ।

ਧਰੁਵਸਵਾਮਿਨੀ : ਤਾਂ ਕੁਮਾਰ ! ਸਾਡਾ ਜਾਣਾ ਨਿਸ਼ਚਿਤ ਹੀ ਹੈ । ਹੁਣ ਇਸ ਵਿਚ ਢਿੱਲ ਪਾਉਣ ਦੀ ਲੋੜ ਨਹੀਂ । (ਚੰਦਰ ਗੁਪਤ ਜਾਂਦਾ ਹੈ, ਧਰੁਵਸਵਾਮਿਨੀ ਚੌਂਕੀ ਤੇ ਬਹਿ ਕੇ ਰੋਣ ਲਗਦੀ ਹੈ ।)

ਰਾਮ ਗੁਪਤ : ਹੁਣ ਇਹ ਕਿਹਾ ਨਾਟਕ ! ਮੈਨੂੰ ਤਾਂ ਪਹਿਲਾਂ ਤੋਂ ਹੀ ਸ਼ੱਕ ਸੀ, ਤੇ ਅੱਜ ਤੂੰ ਮੇਰੀਆਂ ਅੱਖਾਂ ਹੀ ਖੋਲ੍ਹ ਦਿਤੀਆਂ ਹਨ।

ਧਰੁਵਸਵਾਮਿਨੀ : ਅਸੱਭਿ ਬੇਦਰਦੀ ! ਮੈਨੂੰ ਕਲੰਕ ਦੀ ਕਾਲਖ ਦੀ ਜੇਲ੍ਹ ਵਿਚ ਡੱਕ ਕੇ, ਵਿੰਨ੍ਹ ਦੇਣ ਵਾਲੇ ਵਾਕਾਂ ਦੇ ਧੂੰਏਂ ਨਾਲ ਮੇਰਾ ਸਾਹ ਘੁੱਟ ਕੇ, ਮੈਨੂੰ ਮਾਰਨ ਦੀ ਆਸ ਨਾ ਰੱਖ। ਅੱਜ ਮੇਰੀ ਬੇਬਸੀ ਮੈਨੂੰ ਅੰਮ੍ਰਿਤ ਪਿਆ ਕੇ ਮੇਰੇ ਬੇਸ਼ਰਮ ਜੀਵਨ 'ਚ ਵਾਧਾ ਕਰਨ ਲਈ ਤਿਆਰ ਹੈ । (ਉੱਠ ਕੇ, ਹੱਥ ਦੇ ਇਸ਼ਾਰੇ ਨਾਲ ਚਲੇ ਜਾਣ ਦਾ ਸੰਕੇਤ ਕਰਦੀ ਹੈ।) ਜਾਓ, ਮੈਂ ਇਕੱਲ ਚਾਹੁੰਦੀ ਹਾਂ ।

(ਸ਼ਿਖਰਸਵਾਮੀ ਦੇ ਨਾਲ ਰਾਮ ਗੁਪਤ ਚਲਾ ਜਾਂਦਾ ਹੈ ।)

ਧਰੁਵਸਵਾਮਿਨੀ : ਉਹ ਇਕ ਖਿਣ ਦੀ ਮਿਲਣੀ ਕਿੰਨੀ ਅਨੁਭੂਤੀ ਪੂਰਣ ਸੀ, ਕਿੰਨੀ ਸੰਤੁਸ਼ਟੀ ਭਰੀ ਸੀ ! ਜਿਵੇਂ ਹੋਣੀ ਨੇ ਅਣਜਾਣੇ ਹੀ ਲੂ ਭੁੱਜੀ ਧਰਤੀ ਨੂੰ ਦਿਸਹਦੇ ਦੇ ਇਕਾਂਤ ਤੋਂ ਸ਼ਾਮਾਂ ਦੇ ਸੀਤਲ ਆਕਾਸ਼ ਨਾਲ ਜੋੜ ਦਿਤਾ ਹੋਵੇ । (ਰੁਕ ਕੇ) ਜਿਥੇ ਵਾਯੂ-ਹੀਣ ਪ੍ਰਦੇਸ਼ 'ਚ ਉਖੜੇ ਹੋਏ ਸਾਹਾਂ ਤੇ ਵੀ ਰੋਕ ਹੋਵੇ, ਕੁੰਡਾ ਹੋਵੇ, ਉਥੇ ਰਹਿੰਦੇ ਰਹਿੰਦੇ ਇਹ ਜੀਵਨ ਅਸਹਿ ਹੋ ਗਿਆ ਸੀ । ਤਾਂ ਵੀ, ਮੈਂ ਮਰਾਂਗੀ ਨਹੀਂ । ਸੰਸਾਰ ਦੇ ਕੁਝ ਦਿਨ ਵਿਧਾਤਾ ਦੇ ਵਿਧਾਨ 'ਚੋਂ ਆਪਣੇ ਲਈ ਰਾਖਵਾਂ ਕਰਵਾ ਲਵਾਂਗੀ । ਕੁਮਾਰ, ਤੁਸੀਂ ਉਹੀ ਕੀਤਾ ਜਿਸ ਤੋਂ ਮੈਂ ਬਚਾਉਂਦੀ ਸੀ । ਤੁਹਾਡੇ ਉਪਕਾਰ ਤੇ ਪਿਆਰ ਦੀ ਵਰਖਾ ਨਾਲ ਮੈਂ ਭਿੱਜਦੀ ਜਾਂਦੀ ਹਾਂ । ਉਹ

(ਹਿਰਦੇ ਤੇ ਉਂਗਲ ਰਖ ਕੇ) ਕੀ ਮੇਰੀ ਇਸ ਛਾਤੀ 'ਚ ਦੋ ਦਿਲ ਹਨ ? ਜਦ ਅੰਦਰਲਾ 'ਹਾਂ' ਕਰਨਾ ਚਾਹੁੰਦਾ ਹੈ, ਤਦ ਬਾਹਰਲਾ ਮਨ 'ਨਾਂਹ' ਕਿਉਂ ਕਹਿ ਦਿੰਦਾ ਹੈ ?

ਚੰਦਰ ਗੁਪਤ : (ਆ ਕੇ) ਮਹਾਦੇਵੀ ਅਸੀਂ ਲੋਕ ਤਿਆਰ ਹਾਂ। ਪਰ ਧਰੁਵਸਵਾਮਿਨੀ ਦੇ ਨਾਲ ਸ਼ਕ-ਕੈਂਪ 'ਚ ਜਾਣ ਲਈ ਅਸੀਂ ਸਹਿਮਤ ਨਹੀਂ।

ਧਰੁਵਸਵਾਮਿਨੀ : (ਹੱਸ ਕੇ) ਰਾਜਾ ਦੀ ਆਗਿਆ ਮੰਨਣਾ ਹੀ ਕਾਫ਼ੀ ਨਹੀਂ। ਇਕ ਗੱਲ ਰਾਣੀ ਦੀ ਵੀ ਨਹੀਂ ਮੰਨੋਗੇ ? ਮੈਂ ਤਾਂ ਪਹਿਲਾਂ ਹੀ ਕੁਮਾਰ ਨੂੰ ਬੇਨਤੀ ਕੀਤੀ ਸੀ ਕਿ ਜਿਸ ਤਰ੍ਹਾਂ ਮੈਨੂੰ ਲਿਆਏ ਸੀ ਉਸੇ ਤਰਾਂ ਪੁਚਾ ਵੀ ਦਿਓ।

ਚੰਦਰ ਗੁਪਤ : ਨਹੀਂ, ਮੈਂ ਇਕੱਲਾ ਹੀ ਜਾਵਾਂਗਾ।

ਧਰੁਵਸਵਾਮਿਨੀ : ਕੁਮਾਰ, ਇਹ ਮੌਤ ਤੇ ਦੇਸ਼-ਨਿਕਾਲੇ ਦਾ ਸੁਖ ਤੁਸੀਂ ਇਕੱਲੇ ਹੀ ਭੋਗੋ, ਇਹ ਹੋ ਨਹੀਂ ਸਕਦਾ। ਰਾਜੇ ਦੀ ਇੱਛਾ ਕੀ ਹੈ, ਇਹ ਜਾਣਦੇ ਹੋ ? ਮੇਰੇ ਤੇ ਤੁਹਾਡੇ ਕੋਲੋਂ ਇਕੋ ਵੇਰ ਛੁਟਕਾਰਾ। ਤਾਂ ਫਿਰ ਉਸੇ ਤਰ੍ਹਾਂ ਹੀ ਕਿਉਂ ਨਾ ਹੋਵੇ ? ਅਸੀਂ ਦੋਵੇਂ ਹੀ ਚਲਾਂਗੇ। ਮੌਤ ਦੀ ਗੁਫਾ 'ਚ ਵੜਨ ਲਗਿਆਂ ਮੈਂ ਵੀ ਤੁਹਾਡੀ ਜੋਤ ਬਣ ਕੇ ਬੁਝ ਜਾਣ ਦੀ ਕਾਮਨਾ ਕਰਦੀ ਹਾਂ। ਇਕ ਮਜ਼ਾਕ, ਵੇਖ ਸਕਾਂਗੀ। ਹੋਰ ਹੀ ਵਿਨੋਦ, ਪਰਲੋ ਦਾ ਮੇਰੀ ਸਾਥਣ, ਤੁਹਾਡਾ ਉਹ ਧਰੁਵਸਵਾਮਿਨੀ ਦਾ ਵੇਸ, ਧਰੁਵਸਵਾਮਿਨੀ ਹੀ ਨਾ ਵੇਖੇ ਤਾਂ ਉਹ ਵੇਸ ਕਿਸ ਕੰਮ ਦਾ ? (ਦੋਵੇਂ ਹੱਥਾਂ ਨਾਲ ਚੰਦਰ ਗੁਪਤ ਦੀ ਠੋਡੀ ਫੜ ਕੇ ਬੜੇ ਕਰੁਣਾ ਭਾਵ ਨਾਲ ਤਕਦੀ ਹੈ।)

ਚੰਦਰ ਗੁਪਤ : (ਅੱਧ ਖੁੱਲੀਆਂ ਅੱਖਾਂ ਨਾਲ ਤਕਦਾ ਹੋਇਆ) ਤਾਂ ਫੇਰ ਚੱਲੋ। (ਜਵਾਨ ਸਰਦਾਰਾਂ ਦੇ ਅੱਗੇ ਅੱਗੇ ਮੰਦਾਕਿਨੀ ਗੰਭੀਰ ਸਵਰ ਨਾਲ ਗਾਉਂਦੀ ਹੋਈ ਆਉਂਦੀ ਹੈ।)

ਮੰਦਾਕਿਨੀ :

ਪੈਰਾਂ ਥੱਲੇ ਬੱਦਲ ਹੋਵਣ,
ਬਿਜਲੀ ਦੇ ਨਾਲ ਉਹ ਖੇਡ ਚਲੇ।
ਦੋਵਾਂ ਤੰਗ ਕੰਢਿਆਂ ਦੇ ਕੱਸ ਵਿਚ,
ਸੋ ਸੇ ਝਰਨੇ ਬੇ-ਮੇਲ ਚਲੇ

ਸੁੰਞ ਦੇ ਵਿਚ ਬੇ-ਚੈਨ ਹਵਾ,
ਰੁੱਖ ਆਪਣੇ ਪੈਰ ਹੀ ਚੁੰਮ ਰਹੇ ।
ਤਦ ਪਰਬਤ ਪੰਥ ਅਣਥਕ ਰਾਹੀ
ਉੱਪਰ ਉੱਠੇ ਸਭ ਝੱਲ ਚਲੇ ।

ਧਰਤੀ ਦੀਆਂ ਅੱਖੀਆਂ ਦੇ ਵਿਚ ਬਣ,
ਛਾਇਆ ਦਾ ਪੁਤਲਾ ਵਧਦਾ ਹੋ ।
ਜੋਤਾਂ ਬਣ ਕੇ ਸੁੰਞੇ ਅੰਧ ਵਿਚ,
ਮੂਰਤ ਆਪਣੀ ਨੂੰ ਘੜਦਾ ਹੋ ।
ਉਹ ਧੂੜ ਉਡਾਉਂਦਾ ਪੀੜਾਂ ਦੀ,
ਪੱਥ-ਰੋਕਾਂ ਨੂੰ ਠੁਕਰਾਉਂਦਾ ਹੀ ।
ਕਸ਼ਟਾਂ ਤੇ ਕੁਝ ਮੁਸਕਾਂਦਾ ਉਹ,
ਉਤਾਂਹ ਵਧੇ ਸਭ ਝੱਲ ਚਲੇ ।
ਜ਼ਖ਼ਮਾਂ ਦੇ ਫੁੱਲ ਖਿੜਣ ਉਥੋਂ,
ਬਣੇ ਪੀੜ ਹਨੇਰੇ ਦੇ ਤਾਰੇ
ਹਰ ਕਦਮ ਤੇ ਉਥਲ ਪਥਲ ਹੋ,
ਸੱਤੇ ਸਵਰ ਹੋਵਣ ਲੈ ਸਾਰੇ ।
ਭੈਰੋਂ ਧੁਨਨੀ ਤੋਂ ਭਰ ਜਾਵੇ ਦਿਸ਼ਾ,
ਕੰਬਦੀ ਹੋਵੇ ਭੈ ਚਕਿਤ ਨਿਸ਼ਾ ।
ਕਪਿਸ਼ਾ ਵਹਿੰਦੀ, ਹੈ ਪਸੀਨਾ-ਧਾਰ,
ਉਤਾਂਹ ਵਧੇ ਸਭ ਝੱਲ ਚਲੇ ।
ਵਿਚਲਤ ਪਰਬਤ ਨਾ ਮੌਨ ਧਰੇ,
ਬੇ-ਦਰਦ ਸ਼ਿੰਗਾਰ ਉਤਰਦਾ ਹੈ ।
ਰੋਣਾ, ਕੰਬਣਾ ਨਾ ਪੁਕਾਰ ਬਣੇ,
ਨਿਜ ਹਿੰਮਤ ਤੇ ਨਿਰਭਰਤਾ ਹੈ ।
ਆਪਣੀ ਜਵਾਲਾ ਨੂੰ ਆਪ ਪੀ,
ਨਵੇਂ ਨੀਲ-ਕੰਠ ਦੀ ਛਾਪ ਲਗੇ ।

ਵਿਸ਼ਰਾਮ ਸ਼ਾਂਤੀ ਨੂੰ ਸਰਾਪ ਦੇਈਂ,
ਉਤਾਂਹ ਵਧੇ ਸਭ ਝੱਲ ਚਲੇ ।

(ਚੰਦਰ ਗੁਪਤ ਤੇ ਧਰੁਵਸਵਾਮਿਨੀ ਦੇ ਨਾਲ ਸਾਰੇ ਹੌਲੀ ਹੌਲੀ ਜਾਂਦੇ ਹਨ । ਮੰਦਾਕਿਨੀ ਇਕੱਲੀ ਖੜੀ ਰਹਿਦੀ ਹੈ ।)

**(ਪਰਦਾ ਡਿਗਦਾ ਹੈ)**

## ਦੂਜਾ ਅੰਕ

(ਸ਼ਕ-ਕਿਲੇ ਵਿਚ ਇਕ ਦਲਾਨ ਹੈ ਜਿਸ ਦੇ ਖੰਭਿਆਂ ਤੇ ਸੁਨਹਿਰੀ ਕੰਮ ਕੀਤਾ ਹੋਇਆ ਹੈ। ਵਿਚਕਾਰ ਦੋ ਛੋਟੀਆਂ ਛੋਟੀਆਂ ਪੌੜੀਆਂ ਹਨ । ਉਨ੍ਹਾਂ ਦੇ ਸਾਹਮਣੇ ਕਸ਼ਮੀਰੀ ਖੁਦਾਈ ਦਾ ਇਕ ਸੁੰਦਰ ਲਕੱੜ ਦਾ ਸਿੰਘਾਸਣ ਹੈ । ਵਿਚਾਲੇ ਦੇ ਦੋ ਖੰਭੇ ਖੁਲ੍ਹੇ ਹਨ । ਉਨ੍ਹਾਂ ਦੇ ਦੁਤਰਫ਼ੀ ਰੇਸ਼ਮੀ ਪਰਦੇ ਲਗੇ ਹੋਏ ਹਨ, ਜਿਨ੍ਹਾਂ ਤੇ ਤਿੱਬਤੀ ਢੰਗ ਦੇ ਮੋਟੇ ਮੋਟੇ ਚਿੱਤਰ ਬਣੇ ਹੋਏ ਹਨ । ਸਾਹਮਣੇ ਵਿਚਕਾਰ ਇਕ ਵਿਹੜਾ ਜਿਹਾ ਹੈ, ਜਿਸ ਦੇ ਦੁਤਰਫ਼ੀ ਕਿਆਰੀਆਂ ਹਨ । ਉਨ੍ਹਾਂ ਵਿਚ ਦੋ-ਚਾਰ ਪੌਦੇ ਤੇ ਫੁਲਾਂ ਨਾਲ ਭਰੀਆਂ ਵੇਲਾਂ ਵਿਖਾਈ ਦੇਂਦੀਆਂ ਹਨ ।)

ਕੌਮਾ : (ਫੁੱਲਾਂ ਵਲ ਤਕਦੀ ਹੋਈ ਹੌਲੀ ਹੌਲੀ ਆਉਂਦੀ ਹੈ ।) ਇਨ੍ਹਾਂ ਨੂੰ ਸਿੰਜਣਾ ਪੈਂਦਾ ਹੈ, ਨਹੀਂ ਤਾਂ ਇਨ੍ਹਾਂ ਦਾ ਰੁੱਖਾਪਣ ਤੇ ਮਲੀਨਤਾ ਸੁੰਦਰਤਾ ਨੂੰ ਢੱਕ ਦਿੰਦੀ ਹੈ । (ਵੇਖ ਕੇ) ਅੱਜ ਤਾਂ ਇਨ੍ਹਾਂ ਦੇ ਪੱਤੇ ਅਣਧੋਤੇ ਹੀ ਹਨ । ਇਨ੍ਹਾਂ ਦੇ ਫੁੱਲ ਜਿਵੇਂ ਅੱਧਖਿੜੇ ਹੀ ਰਹਿ ਗਏ ਹੋਣ। ਖਿੜ ਖਿੜ ਕਰ ਕੇ ਹੱਸਣ ਦਾ ਤਾਂ ਜਿਵੇਂ ਇਨ੍ਹਾਂ 'ਚਬਲ ਹੀ ਨਹੀਂ । (ਸੋਚ ਕੇ) ਠੀਕ, ਇਧਰ ਕਈ ਦਿਨਾਂ ਤੋਂ ਮਹਾਰਾਜ ਆਪਣੇ ਲੜਾਈ-ਝਗੜੇ 'ਚ ਲਗੇ ਹੋਏ ਹਨ ਤੇ ਮੈਂ ਵੀ ਇਧਰ ਨਹੀਂ ਆਈ, ਤਾਂ ਫਿਰ ਇਨ੍ਹਾਂ ਦੀ ਚਿੰਤਾ ਕੌਣ ਕਰਦਾ ? ਉਸ ਦਿਨ ਮੈਂ, ਇਥੇ ਦੋ ਹੋਰ ਚੌਂਕੀਆਂ ਰਖਣ ਲਈ ਕਿਹਾ ਸੀ, ਪਰ ਸੁਣਦਾ ਕੌਣ ਹੈ ? ਸਾਰੇ ਹੀ ਜਿਵੇਂ ਲਹੂ ਦੇ ਤਿਹਾਏ ਹਨ । ਪ੍ਰਾਣ ਲੈਣ-ਦੇਣ ਲਈ ਪਾਗਲ!

ਬਸੰਤ ਦੀ ਉਦਾਸ ਤੇ ਮੰਦ ਹਵਾ ਆਉਂਦੀ ਹੈ ਤੇ ਚਲੀ ਜਾਂਦੀ ਹੈ । ਕੋਈ ਉਸ ਦੀ ਛੁਹ ਨੂੰ ਨਹੀਂ ਜਾਣਦਾ । ਇਹ ਤਾਂ ਵਾਸਤਵਿਕ ਜੀਵਨ ਨਹੀਂ ਹੈ? (ਪੌੜੀ ਤੇ ਬਹਿ ਕੇ ਸੋਚਣ ਲਗਦੀ ਹੈ।) ਪ੍ਰੇਮ ! ਪਿਆਰ ! ਜਦ ਸਾਹਮਣੇ ਤੋਂ ਤਿੱਖੀ ਰੋਸ਼ਨੀ ਵਾਂਗ ਆਉਂਦਾ ਹੈ, ਪ੍ਰਕਾਸ਼ ਦਾ ਢੇਰ ਅੱਖਾਂ ਵਿਚ ਭਰ ਦਿੰਦਾ ਹੈ, ਤਦ ਸਾਹਮਣੇ ਦੀਆਂ ਸਾਰੀਆਂ ਚੀਜ਼ਾਂ ਹੋਰ ਵੀ ਸਾਫ਼ ਨਜ਼ਰ ਆਉਂਦੀਆਂ ਹਨ । ਆਪਣੀ ਵਲੋਂ ਕੋਈ ਵੀ ਪ੍ਰਕਾਸ਼ ਦੀ ਕਿਰਨ ਨਹੀਂ । ਤਦ ਉਹ ਹੀ, ਸਿਰਫ਼ ਉਹ ਹੀ ! ਇਹ ਪਾਗਲਪਨ ਹੋਵੇ; ਭੁੱਲ ਹੋਵੇ, ਦੁੱਖ ਮਿਲੇ, ਪਰ ਪਿਆਰ ਕਰਨ ਦੀ ਵੀ ਇਕ ਰੁੱਤ ਹੁੰਦੀ ਹੈ । ਉਸ ਵਿਚ ਮੌਕਾ ਹੱਥੋਂ ਗਵਾ ਦੇਣਾ, ਉਸ ਵਿਚ ਸੋਚ-ਸਮਝ ਕੇ ਕੰਮ ਕਰਨਾ, ਦੋਵੇਂ ਬਰਾਬਰ ਹਨ । ਸੁਣਿਆ ਹੈ, ਦੋਵੇਂ ਹੀ ਸੰਸਾਰ ਦੇ ਚਾਤਰਾਂ ਦੀ ਨਜ਼ਰ 'ਚ ਮੂਰਖ ਬਣਦੇ ਹਨ । ਤਦ ਕੌਮਾਂ, ਤੂੰ ਕਿਸ ਨੂੰ ਚੰਗਾ ਸਮਝਦੀ ਹੈਂ ?

(ਗਾਉਂਦੀ ਹੈ)

ਜਵਾਨੀ ਤੇਰੀ ਚੰਚਲ ਛਾਂ ।
ਇਸ ਥਲ ਬੈਠ ਘੁੱਟ ਭਰ ਪੀ ਲਾਂ,
ਜੋ ਰਸ ਤੂੰ ਹੈ ਲਿਆਇਆ ।
ਮੇਰੇ ਪਿਆਲੇ 'ਚ ਮਦ ਬਣ ਕੇ.
ਕਦ ਛਲੀਆ ਤੂੰ ਗਿਆ ਸਮਾ
ਜੀਵਨ ਬੰਸੀ ਦੇ ਛੇਕਾਂ ਵਿਚ,
ਸਵਰ ਬਣ ਤੂੰ ਲਹਿਰਾਇਆ ।
ਪਲ ਭਰ ਰੁਕਣ ਵਾਲਿਆ !
ਰਾਹੀ, ਦਸ ਕਿੱਥੋਂ ਤੂੰ ਆਇਆ ?

(ਚੁੱਪ ਹੋ ਕੇ, ਅੱਖਾਂ ਬੰਦ ਕਰ ਕੇ, ਲਿਵ ਲਾ ਕੇ ਬੈਠੀ ਰਹਿੰਦੀ ਹੈ । ਸ਼ਕ-ਰਾਜ ਆਉਂਦਾ ਹੈ । ਉਸ ਦੇ ਹੱਥ ਵਿਚ ਇਕ ਲੰਮੀ ਤਲਵਾਰ ਹੈ । ਉਹ ਚਿੰਤਾ 'ਚ ਮਗਨ ਹੈ । ਆ ਕੇ ਇਸ ਤਰ੍ਹਾਂ ਖੜਾ ਹੁੰਦਾ ਹੈ ਕਿ ਕੰਮਾ ਨੂੰ ਨਹੀਂ ਵੇਖਦਾ।)

ਸਕ-ਰਾਜ : ਖਿੰਗਲ ਅਜੇ ਨਹੀਂ ਆਇਆ। ਕੀ ਉਸ ਨੂੰ ਕੈਦੀ ਤਾਂ ਨਹੀਂ ਬਣਾ ਲਿਆ ਗਿਆ ? ਨਹੀਂ, ਜੇਕਰ ਉਹ ਅੰਨ੍ਹੇ ਨਹੀਂ ਤਾਂ ਉਨ੍ਹਾਂ ਨੂੰ ਆਪਣੇ ਸਿਰ ਤੇ ਲਟਕਦੀ ਤਲਵਾਰ ਵਿਖਾਈ ਦੇਣੀ ਚਾਹੀਦੀ ਹੈ । (ਸੋਚ ਕੇ) ਸੰਕਟ ਸਿਰਫ਼ ਉਨ੍ਹਾਂ ਤੇ ਹੀ ਤਾਂ ਨਹੀਂ, ਸਾਨੂੰ ਵੀ ਤਾਂ ਲਹੂ ਦੇ ਦਰਿਆ ਵਗਾਉਣੇ ਪੈਣਗੇ। ਮੇਰਾ ਚਿੱਤ ਬੜਾ ਚੰਚਲ ਹੋ ਰਿਹਾ ਹੈ । ਤਾਂ ਬੈਠ ਜਾਵਾਂ ? ਇਸ ਇਕਾਂਤ 'ਚ ਆਪਣੇ ਖੇਰੂੰ ਖੇਰੂੰ ਮਨ ਨੂੰ ਟਿਕਾਣੇ ਲਾਵਾਂ । (ਇੱਧਰ ਉੱਧਰ ਵੇਖਦਾ ਹੈ । ਕੋਮਾ ਆਵਾਜ਼ ਸੁਣ ਕੇ ਉੱਠ ਖੜੀ ਹੁੰਦੀ ਹੈ । ਉਸ ਨੂੰ ਵੇਖ ਕੇ) ਹੈਂ, ਕੋਮਾ ! ਕੋਮਾ !

ਕੋਮਾ : ਹਾਂ. ਮਹਾਰਾਜ ! ਆਗਿਆ ਦਿਓ।

ਸ਼ਕ-ਰਾਜ : (ਉਸ ਨੂੰ ਪਿਆਰ ਭਰੀ ਤੱਕਣੀ ਨਾਲ ਵੇਖਦਾ ਹੋਇਆ) ਆਗਿਆ ਨਹੀਂ, ਕੋਮਾ ! ਤੈਨੂੰ ਆਗਿਆ ਨਾ ਦਿਆਂਗਾ ! ਤੂੰ ਰੁੱਸੀ ਹੋਈ ਜਿਹੀ ਕਿਉਂ ਬੋਲਦੀ ਹੈਂ ?

ਕੋਮਾ : ਰੁੱਸਣ ਦਾ ਸੁਭਾਗ ਮੈਨੂੰ ਕਦ ਮਿਲਿਆ ?

ਸ਼ਕ-ਰਾਜ : ਅੱਜ ਕਲ ਜਿਸ ਭਿਆਨਕ ਪਰਿਸਥਿਤੀ 'ਚੋਂ ਮੈਂ ਲੰਘ ਰਿਹਾ ਹਾਂ, ਉਸ 'ਚ ਅਜਿਹੀ ਅਣਗਹਿਲੀ ਹੋ ਜਾਣੀ ਕੁਦਰਤੀ ਹੈ, ਤੈਨੂੰ ਇਹ ਨਹੀਂ ਭੁੱਲਣਾ ਚਾਹੀਦਾ ।

ਕੰਮਾ : ਤਾਂ ਕੀ ਆਪ ਜੀ ਦੀਆਂ ਦੁਰ-ਚਿੰਤਾਵਾਂ 'ਚ ਮੇਰਾ ਕੋਈ ਹਿੱਸਾ ਨਹੀਂ ? ਕੀ ਮੇਰੇ ਪਾਸੋਂ ਅਲੱਗ ਰਹਿਣ ਤੇ ਉਹ ਪਰਿਸਥਿਤੀ ਕੁਝ ਸੌਖੀ ਹੋ ਰਹੀ ਹੈ ?

ਸ਼ਕ-ਰਾਜ : ਤੇਰੇ ਅੰਦਰ ਉਹ ਦੁਰ-ਚਿੰਤਾ ਭਰ ਕੇ ਮੈਂ ਤੈਨੂੰ ਦੁਖੀ ਨਹੀਂ ਕਰਨਾ ਚਾਹੁੰਦਾ। ਮੇਰੇ ਸਾਹਮਣੇ ਜੀਵਨ-ਮਰਨ ਦਾ ਸਵਾਲ ਹੈ।

ਕੋਮਾ : ਸਵਾਲ ਆਪਣੇ ਆਪ, ਕਿਸੇ ਦੇ ਸਾਹਮਣੇ ਨਹੀਂ ਆਉਂਦੇ । ਮੈਂ ਤਾਂ ਸਮਝਦੀ ਹਾਂ ਕਿ ਮਨੁੱਖ ਉਨ੍ਹਾਂ ਨੂੰ ਜੀਵਨ ਦੇ ਲਈ ਉਪਯੋਗੀ ਸਮਝਦਾ ਹੈ । ਮਕੜੀ ਦੇ ਵਾਂਗ ਲਟਕਣ ਲਈ ਉਹ ਆਪਣੇ ਆਪ ਜਾਲ ਬੁਣਦਾ ਹੈ । ਜੀਵਨ ਦੀ ਪਹਿਲੀ ਪ੍ਰਸੰਨਤਾ ਤੇ ਖੇੜਾ ਮਨੁੱਖ ਦੇ ਭਵਿਖ 'ਚ ਕਲਿਆਣ ਤੇ ਸੁਭਾਗ ਨੂੰ ਸੱਦਾ ਦਿੰਦੇ ਹਨ । ਉਸ ਤੋਂ ਵੰਚਿਤ ਨਹੀਂ ਰਹਿਣਾ ਚਾਹੀਦਾ ਮਹਾਰਾਜ!

ਸ਼ਕ-ਰਾਜ : ਸੁਭਾਗ ਤੇ ਦੁਰ-ਭਾਗ ਮਨੁੱਖ ਦੀ ਕਮਜ਼ੋਰੀ ਦੇ ਨਾਂ ਹਨ । ਮੈਂ ਤਾਂ ਪੁਰਸ਼ਾਰਥ ਨੂੰ ਹੀ ਸਭ ਕੁਝ ਸਮਝਦਾ ਹਾਂ । ਪੁਰਸ਼ਾਰਥ ਹੀ ਸੁਭਾਗ-ਦਾਤਾ ਹੈ, ਮੈਂ ਇਸ ਯੁੱਧ ਲਈ ਉਤਸਕ ਨਹੀਂ ਸੀ ਕੰਮਾ, ਮੈਂ ਹੀ ਦਿਗਵਿਜੇ ਲਈ ਨਹੀਂ ਸੀ ਨਿਕਲਿਆ ।

ਕੋਮਾ : ਸੰਸਾਰ ਦੇ ਨਿਯਮ ਅਨੁਸਾਰ ਆਪ ਆਪਣੇ ਤੋਂ ਮਹਾਨ ਦੇ ਸਾਹਮਣੇ ਥੋੜਾ ਜਿਹਾ ਨਿੰਮਰ ਬਣ ਕੇ ਇਸ ਉਪੱਦਰ ਨੂੰ ਦੂਰੋਂ ਹੀ ਮੱਥਾ ਟੇਕਣਾ ਸੀ ।

ਸ਼ਕ-ਰਾਜ : ਇਹੋ ਤਾਂ ਮੈਥੋਂ ਹੋ ਨਹੀਂ ਸਕਿਆ ।

ਕੋਮਾ : ਅਭਾਵਭਰੀ ਤੁੱਛਤਾ 'ਚ ਮਨੁੱਖ ਆਪਣੇ ਆਪ ਨੂੰ ਮਹੱਤਵ ਪੂਰਣ ਪ੍ਰਗਟ ਕਰਨ ਦਾ ਵਿਖਾਵਾ ਨਾ ਕਰੇ ਤਾਂ ਕੀ ਚੰਗਾ ਨਹੀਂ ?

ਸ਼ਕ-ਰਾਜ : (ਚਿੜ ਕੇ) ਇਹ ਸਿਖਿਆ ਤੂੰ ਹਾਲੀਂ ਸਾਂਭ ਰੱਖ ਕੋਮਾ, ਮੈਂ ਕਿਸੇ ਤੋਂ ਵੱਡਾ ਨਹੀਂ ਤਾਂ ਛੋਟਾ ਵੀ ਨਹੀਂ ਬਣਨਾ ਚਾਹੁੰਦਾ । ਤੂੰ ਅਜੇ ਪੱਥਰ ਦੀ ਮੂਰਤੀ ਬਣੀ ਦੂਰ ਖੜੀ ਹੈਂ, ਮੇਰੇ ਪਾਸ ਆ.।

ਕੋਮਾਂ : ਪੱਥਰ ਦੀ ਮੂਰਤੀ ! ਹਾਂ ਰਾਜਾ ! ਪੱਥਰ ਦੇ ਅੰਦਰ ਵੀ ਕਿੰਨੇ ਮਿੱਠੇ ਝਰਨੇ ਵਗਦੇ ਰਹਿੰਦੇ ਹਨ। ਉਨ੍ਹਾਂ 'ਚ ਸ਼ਰਾਬ ਨਹੀਂ, ਠੰਡੇ ਜਲ ਦੀ ਧਾਰ ਵਗਦੀ ਹੈ । ਤਿਹਾਇਆਂ ਨੂੰ ਤ੍ਰਿਪਤੀ.......।

ਸ਼ਕ-ਰਾਜ : ਪਰ ਮੈਨੂੰ ਤਾਂ ਇਸ ਵੇਲੇ ਫੁਰਤੀ ਲਈ ਇਕ ਸ਼ਰਾਬ ਦਾ ਪਿਆਲਾ ਹੀ ਚਾਹੀਦਾ ਹੈ । (ਕੋਮਾ ਇਕ ਛੋਟੀ ਜਿਹੀ ਚੌਂਕੀ ਰੱਖ ਦਿੰਦੀ ਹੈ ਤੇ ਚਲੀ ਜਾਂਦੀ ਹੈ, ਸ਼ਕ-ਰਾਜ ਚੌਂਕੀ ਤੇ ਬਹਿ ਜਾਂਦਾ ਹੈ। ਖਿੰਗਲ ਆਉਂਦਾ ਹੈ।)

ਕੋਮਾ : (ਨੀਝ ਲਾ ਕੇ ਤੁਸੀਂ ਬੈਠੇ । ਵੇਖਦੀ ਹੋਈ) ਮੈਂ ਲਿਆਉਂਦੀ ਹਾਂ । ਤੁਸੀਂ ਬੈਠੋ।

ਸ਼ਕ-ਰਾਜ : ਦੱਸੋ ਜੀ, ਕੀ ਸਮਾਚਾਰ ਹੈ ?

ਖਿੰਗਲ : ਮਹਾਰਾਜ ! ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣੂ ਕਰਵਾ ਦਿਤਾ ਹੈ ਕਿ ਸਾਰੀ ਗੱਲ ਪੱਕੀ ਹੈ । ਉਨ੍ਹਾਂ ਨੂੰ ਦੋਵਾਂ ਵਿਚੋਂ ਇਕ ਚੁਣਨੀ ਹੀ ਪਵੇਗੀ । ਜਾਂ ਤਾਂ ਆਪਣੀ ਕੁਰਬਾਨੀ ਦੇਣ, ਵਰਨਾ ਮੇਰੀ ਸੰਧੀ ਦੇ ਨਿਯਮਾਂ ਨੂੰ ਸਵੀਕਾਰ ਕਰਨ ।

ਸ਼ਕ-ਰਾਜ : (ਉਤਾਵਲੀ ਨਾਲ) ਤਾਂ ਕੀ ਉਹ ਮੰਨ ਗਏ ?

ਖਿੰਗਲ : ਦੂਜਾ ਉਪਾਅ ਹੀ ਕੀ ਸੀ ? ਇਹ ਛੋਕਰਾ ਰਾਮ ਗੁਪਤ ਸਮੁੰਦਰ ਗੁਪਤ ਵਾਂਗ ਦਿਗਵਿਜੈ ਲਈ ਨਿਕਲਿਆ ਸੀ । ਉਸ ਨੂੰ ਇਨ੍ਹਾਂ ਸਖ਼ਤ ਪਹਾੜੀ

ਘਾਟੀਆਂ ਦਾ ਗਿਆਨ ਨਹੀਂ ਸੀ । ਪਰ ਸਾਰੀਆਂ ਬਰੀਕੀਆਂ ਨੂੰ ਸਮਝ ਕੇ ਤੁਹਾਡੀਆਂ ਸਭ ਗੱਲਾਂ ਮੰਨਣ ਲਈ ਮਜਬੂਰ ਹੋ ਗਿਆ ਹੈ ।

ਸ਼ਕ-ਰਾਜ : (ਖ਼ੁਸ਼ੀ ਨਾਲ ਉਠ ਕੇ ਉਸ ਦੇ ਦੋਵੇਂ ਹੱਥ ਫੜ ਲੈਂਦਾ ਹੈ) ਹੈਂ, ਤੁਸੀਂ ਸੱਚ ਕਹਿੰਦੇ ਹੋ ! ਮੈਨੂੰ ਆਸ ਨਹੀਂ। ਕੀ ਮੇਰਾ ਦੂਜਾ ਪ੍ਰਸਤਾਵ ਵੀ ਰਾਮ ਗੁਪਤ ਨੇ ਮੰਨ ਲਿਆ।

(ਕੰਮਾ ਸੋਨੇ ਦੀ ਸੁਰਾਹੀ 'ਚ ਸ਼ਰਾਬ ਲੈ ਕੇ ਚੁੱਪ-ਚੁਪੀਤੀ ਆ ਕੇ ਪਿੱਛੇ ਖੜੀ ਹੋ ਜਾਂਦੀ ਹੈ ।)

ਖਿੰਗਲ : ਹਾਂ ਮਹਾਰਾਜ ! ਉਸ ਨੇ ਦੇਣੀਆਂ ਸਵੀਕਾਰ ਕਰ ਮੰਗੀਆਂ ਹੋਈਆਂ ਸਾਰੀਆਂ ਭੇਟਾਂ ਲਈਆਂ ਹਨ ਤੇ ਧਰੁਵਸਵਾਮਿਨੀ ਵੀ ਆਪ ਜੀ ਦੀ ਸੇਵਾ ਵਿਚ ਜਲਦੀ ਹੀ ਹਾਜ਼ਰ ਹੋ ਰਹੀ ਹੈ ।(ਕੋਮਾ ਠਠੰਭਰ ਜਾਂਦੀ ਹੈ, ਸ਼ਕ-ਰਾਜ ਖ਼ੁਸ਼ੀ ਨਾਲ ਖਿੰਗਲ ਦੇ ਹੱਥਾਂ ਨੂੰ ਝੰਜੋੜਦਾ ਹੈ ।)

ਸ਼ਕ-ਰਾਜ : ਖਿੰਗਲ ! ਤੁਸੀਂ ਕਿੰਨਾ ਸੁੰਦਰ ਸਮਾਚਾਰ ਦਿਤਾ ਹੈ ! ਅੱਜ ਦੇਵ-ਪੁੱਤਰਾਂ ਦੀਆਂ ਸਵਰਗੀ ਆਤਮਾਵਾਂ ਪ੍ਰਸੰਨ ਹੋਣਗੀਆਂ । ਉਨ੍ਹਾਂ ਦੀਆਂ ਹਾਰਾਂ ਦਾ ਇਹ ਬਦਲਾ ਹੈ। ਅਸੀਂ ਲੋਕ ਗੁਪਤ ਰਾਜਿਆਂ ਦੀਆਂ ਨਜ਼ਰਾਂ 'ਚ ਜੰਗਲੀ, ਬਰਬਰ ਤੇ ਅਸੱਭਿ ਹਾਂ । ਤਾਂ ਫੇਰ ਮੇਰੀ ਪ੍ਰਤੀਹਿੰਸਾ ਵੀ ਬਰਬਰਤਾ ਦੇ ਹੀ ਅਨੁਕੂਲ ਹੋਵੇਗੀ । ਹਾਂ, ਮੈਂ ਆਪਣੇ ਵੀਰ ਬਹਾਦੁਰ ਸਰਦਾਰਾਂ ਲਈ ਵੀ ਔਰਤਾਂ ਮੰਗੀਆਂ ਸਨ ।

ਖਿੰਗਲ : ਉਹ ਵੀ ਨਾਲ ਹੀ ਆਉਣਗੀਆਂ ।

ਸ਼ਕ-ਰਾਜ : ਤਾਂ ਫਿਰ ਸੋਨੇ ਦੀਆਂ ਝਾਂਜਰਾਂ ਵਾਲੀ ਦੇ ਨਾਚ ਦਾ ਪ੍ਰਬੰਧ ਕਰੋ । ਇਸ ਵਿਜੈ ਦਾ ਉਤਸਵ ਮਨਾਇਆ ਜਾਵੇ ਤੇ ਮੇਰੇ ਸਰਦਾਰਾਂ ਨੂੰ ਵੀ ਜਲਦੀ ਹੀ ਸੱਦ ਲਿਆਓ।

(ਖਿੰਗਲ ਜਾਂਦਾ ਹੈ । ਸ਼ਕ-ਰਾਜ ਆਪਣੀ ਖ਼ੁਸ਼ੀ 'ਚ ਭਰਿਆ ਇੱਧਰ ਉਧਰ ਟਹਿਲਣ ਲਗਦਾ ਹੈ ਤੇ ਕੋਮਾ ਆਪਣੀ ਸੁਰਾਹੀ ਲਈ ਹੌਲੀ ਹੌਲੀ ਸਿੰਘਾਸਣ ਦੇ ਨੇੜੇ ਆ ਕੇ ਖੜੀ ਹੋ ਜਾਂਦੀ ਹੈ । ਚਾਰ ਸਰਦਾਰ ਆਉਂਦੇ ਹਨ । ਦੂਜੇ ਪਾਸਿਓਂ ਨਾਚੀਆਂ ਦਾ ਇਕ ਦਲ ਆਉਂਦਾ ਹੈ; ਸ਼ਕ-ਰਾਜ ਉਨ੍ਹਾਂ ਵਲ ਤਕਦਾ ਹੋਇਆ ਸਿੰਘਾਸਣ ਤੇ ਬਹਿ ਜਾਂਦਾ ਹੈ। ਸਰਦਾਰ ਉਸ ਦੇ ਪੈਰਾਂ ਦੇ ਹੇਠ ਪੌੜੀਆਂ ਤੇ ਬਹਿ ਜਾਂਦੇ ਹਨ । ਨਾਚੀਆਂ ਨੱਚਦੀਆਂ ਹੋਈਆਂ ਗਾਉਂਦੀਆਂ ਹਨ ।)

ਲਹਿੰਦੇ ਪਰਬਤ ਯੁਵਤੀ ਸੰਧਿਆ ਨੇ,
ਖੋਲ੍ਹੀ ਅਲਕ ਘੁੰਘਰਾਲੀ ਹੈ ।
ਵੇਖੋ, ਮਾਣਕ ਰੰਗ ਮੱਦ-ਧਾਰ
ਹੁਣ ਵੱਗਣ ਲਗੀ ਨਿਰਾਲੀ ਹੈ ।
ਭਰ ਲਈ ਪਹਾੜੀਆਂ ਨੇ ਆਪਣੀ
ਝੀਲਾਂ ਦੀ ਰਤਨ ਪਿਆਲੀ ਹੈ ।
ਨਿੰਵ ਚਲੀ ਵੇਲਾਂ ਨਾਲ ਵਲੀ
ਚੁੰਮਣ ਨੂੰ ਰੁੱਖ ਦੀ ਡਾਲੀ ਹੈ ।
ਪਿੰਘਰਣ ਲਗਾ ਹੁਣ ਮਾਨਨੀਆਂ
ਕਮਲ ਦਿਲ ਪਿਆਰ ਰੋਸ਼ ਭਰਿਆ।
ਉਹ ਹੱਸਦੀਆਂ ਦੁਲਾਰ ਭਰੀਆਂ
ਮਿੱਠ-ਲਹਿਰ ਉਠਾਉਣ ਵਾਲੀਆਂ ਹਨ ।
ਭਰਨੇ ਲਈ ਪਿਆਰ ਭਰੇ ਜੋੜੇ,
ਨਿਕਲੇ ਕੂੰਜਾਂ ਦੀ ਝੁਰਮੁੱਟ 'ਚੋਂ ।
ਇਸ ਮਿੱਠ-ਹਨੇਰੇ ਵਿਚ ਹੁਣ ਤਕ
ਕੀ ਖ਼ਾਲੀ ਇਨ੍ਹਾਂ ਦੀਆਂ ਪਿਆਲੀਆਂ ਹਨ ।
ਭਰ ਦਿੱਤੀਆਂ ਪਿਆਲੀਆਂ ਫੁੱਲਾਂ ਨੇ
ਸੁਗੰਧ-ਮਕਰੰਦਰਲਾਇਆ ਹੈ ।
ਕਾਮਨੀਆਂ ਨੇ ਅਨੁਰਾਗ ਭਰੇ
ਬੁੱਲ੍ਹਾਂ ਨਾਲ ਉਨ੍ਹਾਂ ਛੁਆਇਆ ਹੈ ।
ਧਰਤੀ ਅਲਬੇਲੀ ਮਸਤ ਹੋਈ
ਵੇਖੋ ਆਕਾਸ਼ ਝੁਕਣ ਲਗਿਆ ।
ਸਭ ਝਮਦੇ ਆਪਣੇ ਸੁੱਖ-ਰੰਗ ਵਿਚ
ਤੂੰ ਹੀ ਕਿਉਂ ਰੁਕਾਵਟ ਪਾਈ ਹੈ ।

ਇਕ ਸਰਦਾਰ : ਸ੍ਰੀਮਾਨ ! ਇੱਡੋ ਵੱਡੇ ਵਿਜੈ ਦੇ ਅਵਸਰ ਤੇ ਇਕ ਸੁੱਕੇ ਉਤਸਵ ਨਾਲ ਸੰਤੋਖ ਨਹੀਂ ਹੁੰਦਾ, ਜਦ ਕਿ ਸੁਰਾਹੀ ਸਾਹਮਣੇ ਪਈ ਹੋਵੇ ।

ਸ਼ਕ-ਰਾਜ : ਠੀਕ ਹੈ, ਇਨ੍ਹਾਂ ਲੋਕਾਂ ਨੂੰ ਗੱਲੀਂ-ਬਾਤੀਂ ਨਹੀਂ, ਭਰ ਕੇ ਪਿਆਲੇ ਵੀ ਦੇਣੇ ਚਾਹੀਦੇ ਹਨ। (ਸਭ ਪੀਂਦੇ ਹਨ, ਨਾਚੀਆਂ ਪਿਆਰ ਨਾਲ ਬੇਨਤੀ ਕਰ ਕੇ ਉਨ੍ਹਾਂ ਨੂੰ ਪਿਆਉਂਦੀਆਂ ਹਨ ।)

ਦੂਜਾ ਸਰਦਾਰ : ਸ੍ਰੀਮਾਨ ਦੀ ਆਗਿਆ ਪਾਲਣ ਤੋਂ ਛੁੱਟ ਕੋਈ ਹੋਰ ਰਾਹ ਨਹੀਂ । ਉਨ੍ਹਾਂ ਨੇ ਸਮਝ ਤੋਂ ਕੰਮ ਲਿਆ ਹੈ, ਵਰਨਾ ਸਾਨੂੰ ਇਸ ਰਾਤ ਦੀ ਕਲੱਤਣ 'ਚ ਆਪਣੇ ਰੱਤ ਦੀ ਲਾਲੀ ਮਿਲਾਉਣੀ ਪੈਂਦੀ ।

ਤੀਜਾ ਸਰਦਾਰ : ਕਿਉਂ ਅਵਾ-ਤਵਾ ਬੋਲਦਾ ਹੈਂ ? ਚੁਪ-ਚਾਪ ਇਸ ਬਗ਼ੈਰ ਮਿਹਨਤ ਕੀਤਿਆਂ ਮਿਲੀ ਵਿਜੈ ਦਾ ਅਨੰਦ ਮਾਣ । ਲੜਨਾ ਪੈਂਦਾ ਤਾਂ ਸਾਰੀ ਹੈਂਕੜ ਚੂਰ ਹੋ ਜਾਂਦੀ ।

ਦੂਜਾ ਸਰਦਾਰ : (ਕ੍ਰੋਧ ਨਾਲ ਡਿਗਦਾ ਢਹਿੰਦਾ ਉੱਠਦਾ ਹੈ) ਮੈਨੂੰ ?

ਤੀਜਾ ਸਰਦਾਰ : ਹਾਂ ਜੀ, ਤੁਹਾਨੂੰ !

ਦੂਜਾ ਸਰਦਾਰ : ਤਾਂ ਫੇਰ ਆਓ ਤੁਹਾਡੇ ਨਾਲ ਪਹਿਲਾਂ ਨਿਬੜ ਲਵਾਂ । (ਸਾਰੇ ਆਪਸ 'ਚ ਲੜਨ ਦੀ ਕੋਸ਼ਿਸ਼ ਕਰਦੇ ਹਨ । ਸ਼ਕ-ਰਾਜ ਖਿੰਗਲ ਨੂੰ ਇਸ਼ਾਰਾ ਕਰਦਾ ਹੈ । ਉਹ ਉਨ੍ਹਾਂ ਲੋਕਾਂ ਨੂੰ ਬਾਹਰ ਲੈ ਜਾਂਦਾ ਹੈ । (ਨਰਸਿੰਘਾ ਵਜਦਾ ਹੈ ।)

ਸ਼ਕ-ਰਾਜ : ਰਾਤ ਪੈਣ ਦੀ ਸੂਚਨਾ ਮਿਲ ਗਈ ਹੈ । ਕਿਲ੍ਹੇ ਦਾ ਦਰਵਾਜ਼ਾ ਹੁਣ ਜਲਦੀ ਹੀ ਬੰਦ ਹੋ ਜਾਵੇਗਾ । ਹੁਣ ਤਾਂ ਹਿਰਦਾ ਅਧੀਰ ਹੈ, ਖਿੰਗਲ !

(ਖਿੰਗਲ ਫੇਰ ਆਉਂਦਾ ਹੈ ।)

ਖਿੰਗਲ : ਕਿਲ੍ਹੇ ਦੇ ਦੁਆਰ ਤੇ ਪਾਲਕੀਆਂ ਆ ਗਈਆਂ ਹਨ ।

ਸ਼ਕ-ਰਾਜ : (ਗੌਰਵ ਨਾਲ) ਤਾਂ ਦੇਰੀ ਕਿਉਂ? ਉਨ੍ਹਾਂ ਨੂੰ ਹੁਣੇ ਹੀ ਲੈ ਆਓ ।

ਖਿੰਗਲ : (ਨਿਮਰਤਾ ਨਾਲ ਬੇਨਤੀ ਕਰਦਾ ਹੋਇਆ) ਪਰ ਰਾਣੀ ਦੀ ਇਕ ਬੇਨਤੀ ਹੈ।

ਸ਼ਕ-ਰਾਜ : ਕੀ?

ਖਿੰਗਲ : ਉਹ ਪਹਿਲਾਂ ਸਿੱਧੇ –ਸਿਰਫ਼ ਸ੍ਰੀਮਾਨ ਨਾਲ ਸਿੱਧਿਆਂ—ਭੇਟ ਕਰਨਾ ਚਾਹੁੰਦੀ ਹੈ । ਉਸ ਦੀ ਮਰਯਾਦਾ.....।

ਸ਼ਕ ਰਾਜ : (ਖਿੜ ਕੇ ਹੱਸਦਾ ਹੋਇਆ) ਕੀ ਕਿਹਾ ? ਮਰਯਾਦਾ ? ਕਿਸਮਤ ਨੇ ਜਿਨ੍ਹਾਂ ਨੂੰ ਝੁਕਣ ਲਈ ਪਰਾਏ ਵੱਸ 'ਚ ਪਾ ਦਿਤਾ ਹੈ, ਉਨ੍ਹਾਂ ਲੋਕਾਂ ਦੇ ਮਨ 'ਚ ਮਰਯਾਦਾ ਦਾ ਧਿਆਨ ਹੋਰ ਵੀ ਜ਼ਿਆਦਾ ਰਹਿੰਦਾ ਹੈ । ਇਹ ਉਨ੍ਹਾਂ ਦੀ ਤਰਸਯੋਗ ਹਾਲਤ ਹੈ ।

ਖਿੰਗਲ : ਉਹ ਸ੍ਰੀਮਾਨ ਜੀ ਦੀ ਰਾਣੀ ਹੋਣ ਲਈ ਆ ਰਹੀ ਹੈ ।

ਸ਼ਕ-ਰਾਜ : (ਹੱਸ ਕੇ) ਚੰਗਾ, ਤੁਸੀਂ ਵਿਚੋਲੇ ਹੋ ਨਾ ! ਤੁਹਾਡੀ ਮੰਗ ਮੰਨ ਕੇ ਮੈਂ ਉਸ ਨਾਲ ਇਕਾਂਤ 'ਚ ਹੀ ਭੇਟ ਕਰਾਂਗਾ ! ਜਾਉ ।

(ਖਿੰਗਲ ਜਾਂਦਾ ਹੈ ।)

ਕੋਮਾ : ਮਹਾਰਾਜ ! ਮੈਨੂੰ ਕੀ ਹੁਕਮ ਹੈ ?

ਸ਼ਕ-ਰਾਜ : (ਠਠੰਭਰ ਕੇ) ਹੈਂ ! ਤੂੰ ਅਜੇ ਇਥੇ ਹੀ ਖੜੀ ਹੈਂ ? ਮੈਂ ਤਾਂ ਜਿਵੇਂ ਭੁੱਲ ਹੀ ਗਿਆ ਸੀ । ਹਿਰਦਾ ਚੰਚਲ ਹੁੰਦਾ ਪਿਆ ਹੈ । ਮੇਰੇ ਨੇੜੇ ਆ, ਕੋਮਾ ।

ਕੋਮਾ : ਨਵੀਂ ਰਾਣੀ ਦੇ ਆਉਣ ਦੀ ਖ਼ੁਸ਼ੀ 'ਚ ।

ਸ਼ਕ-ਰਾਜ : (ਸੰਭਲ ਕੇ) ਕੀ ਨਵੀਂ ਰਾਣੀ ਦਾ ਆਉਣਾ ਤੈਨੂੰ ਚੰਗਾ ਨਹੀਂ ਲੱਗਿਆ, ਕੋਮਾ?

ਕੋਮਾ : (ਨਿਰਵਿਕਾਰ ਭਾਵ ਨਾਲ) ਸੰਸਾਰ 'ਚ ਬਹੁਤ ਸਾਰੀਆਂ ਗੱਲਾਂ ਚੰਗੀਆਂ ਨਾ ਹੁੰਦੀਆਂ ਹੋਈਆਂ ਵੀ, ਚੰਗੀਆਂ ਲਗਦੀਆਂ ਹਨ ਤੇ ਬਹੁਤ ਸਾਰੀਆਂ ਚੰਗੀਆਂ ਗੱਲਾਂ ਬਰੀਆਂ ਲਗਦੀਆਂ ਹਨ।

ਸ਼ਕ-ਰਾਜ : (ਖਿੱਝ ਕੇ) ਤੂੰ ਤਾਂ ਆਚਾਰੀਆ ਮਹਿਰ ਦੇਵ ਦੇ ਵਾਂਗ ਦਾਰਸ਼ਨਿਕਾਂ ਵਾਂਗ ਗੱਲਾਂ ਕਰਦੀ ਹੈ!

ਕੋਮਾ : ਉਹ ਮੇਰੇ ਪਿਤਾ ਸਮਾਨ ਹਨ, ਉਨ੍ਹਾਂ ਦੀ ਹੀ ਸਿਖਿਆ 'ਚ ਮੈਂ ਪਲੀ ਹਾਂ । ਹਾਂ ਠੀਕ ਹੈ, ਜੋ ਗੱਲਾਂ ਰਾਜਾ ਨੂੰ ਚੰਗੀਆਂ ਲਗਣ, ਉਹ ਹੀ ਮੈਨੂੰ ਵੀ ਚੰਗੀਆਂ ਲਗਣੀਆਂ ਚਾਹੀਦੀਆਂ ਹਨ ।

ਸ਼ਕ-ਰਾਜ : (ਅਸਥਿਰ ਹੋ ਕੇ) ਹੱਛਾ, ਤੂੰ ਇੰਨੀ ਅਨੁਭੂਤੀ ਰਖਦੀ ਹੈਂ, ਇਸ ਦਾ ਮੈਨੂੰ ਅੱਜ ਹੀ ਗਿਆਨ ਹੋਇਆ ।

ਕੋਮਾ : ਰਾਜਾ, ਤੁਹਾਡੀਆਂ ਪਿਆਰ ਦੀਆਂ ਸੂਚਨਾਵਾਂ ਦੀ ਸੁਭਾਵਕ ਖ਼ੁਸ਼ੀ ਤੇ ਮਿੱਠੇ ਬੋਲਾਂ ਨੇ ਜਿਸ ਦਿਨ ਮੇਰੇ ਮੰਨ ਦੇ ਰਸ-ਹੀਣ ਤੇ ਸ਼ਬਦ-ਹੀਣ ਸੁੰਝ 'ਚ ਸੰਗੀਤ ਦੀ, ਬਸੰਤ ਦੀ ਤੇ ਫੁੱਲਾਂ ਦੇ ਰਸ ਦੀ ਸਰਿਸ਼ਟੀ ਰਚੀ ਸੀ, ਉਸੇ ਦਿਨ ਤੋਂ ਮੈਂ ਅਨੁਭੂਤੀਮਈ ਹੋ ਉੱਠੀ ਹਾਂ । ਕੀ ਉਹ ਮੇਰਾ ਭਰਮ ਸੀ ? ਕਹਿ ਦਿਓ, ਕਹਿ ਦਿਓ ਕਿ ਉਹ ਮੇਰੀ ਭੁੱਲ ਸੀ।(ਉਤੇਜਿਤ ਹੋਈ ਕੋਮਾ ਸਿਰ ਚੁੱਕ ਕੇ ਰਾਜਾ ਨਾਲ ਅੱਖ ਮਿਲਾਉਂਦੀ ਹੈ ।)

ਸ਼ਕ-ਰਾਜ : (ਸੰਕੋਚ ਨਾਲ) ਨਹੀਂ ਕੌਮਾ, ਉਹ ਭਰਮ ਨਹੀਂ ਸੀ । ਮੈਂ ਸਚਮੁਚ ਤੈਨੂੰ ਪਿਆਰ ਕਰਦਾ ਹਾਂ ।

ਕੋਮਾ : ਤਦ ਵੀ ਇਹ ਗੱਲ ?

ਸ਼ਕ-ਰਾਜ : (ਸ਼ੱਕ ਨਾਲ) ਕਿਹੜੀ ਗੱਲ ?

ਕੋਮਾ : ਉਹੀ, ਜਿਹੜੀ ਅੱਜ ਹੋਣ ਲੱਗੀ ਹੈ ! ਮੇਰੇ ਰਾਜਾ ! ਅੱਜ ਤੁਸੀਂ ਇਕ ਔਰਤ ਨੂੰ ਆਪਣੇ ਪਤੀ ਤੋਂ ਵਿਛੋੜ ਕੇ ਆਪਣੇ ਗੌਰਵ ਦੀ ਤ੍ਰਿਪਤੀ ਦੇ ਲਈ ਕਿਹਾ ਅਨਰਥ ਕਰ ਰਹੇ ਹੋ?

ਸ਼ਕ-ਰਾਜ : (ਹੱਸ ਕੇ ਗਲ ਟਾਲਦੇ ਹੋਏ) ਪਾਗਲ ਕਮਾ ! ਇਹ ਮੇਰਾ ਰਾਜਨੀਤਿਕ ਬਦਲਾ ਹੈ ।

ਕੌਮਾ: (ਸਖ਼ਤੀ ਨਾਲ) ਪਰ, ਰਾਜਨੀਤਿਕ ਬਦਲਾ ਕੀ ਇਕ ਔਰਤ ਨੂੰ ਕੁਚਲਣ ਤੋਂ ਬਿਨਾਂ ਨਹੀਂ ਲਿਆ ਜਾ ਸਕਦਾ ?

ਸ਼ਕ-ਰਾਜ : ਜਿਹੜਾ ਵਿਸ਼ਾ ਸਮਝ 'ਚ ਨਾ ਆਵੇ, ਉਸ ਤੋਂ ਵਿਵਾਦ ਨਾ ਕਰ ।

ਕੋਮਾ : (ਦੁਖੀ ਹੋ ਕੇ) ਮੈਂ ਕਿਉਂ ਨਾ ਕਰਾਂ ! (ਰੁਕ ਕੇ) ਪਰ ਨਹੀਂ, ਮੈਨੂੰ ਵਿਵਾਦ ਕਰਨ ਦਾ ਅਧਿਕਾਰ ਨਹੀਂ ਹੈ । ਇਹ ਮੈਂ ਸਮਝ ਗਈ ਹਾਂ । (ਉਹ ਦੁਖੀ ਹੋ ਕੇ ਜਾਣਾ ਚਾਹੁੰਦੀ ਹੈ ਕਿ ਦੂਜੇ ਪਾਸਿਓਂ ਮਿਹਰ-ਦੇਵ ਆ ਜਾਂਦਾ ਹੈ ।)

ਸ਼ਕ-ਰਾਜ : (ਘਬਰਾ ਕੇ ਤੇ ਖੜਾ ਹੋ ਕੇ) ਧਰਮ ਪੂਜ, ਮੈਂ ਨਮਸਕਾਰ ਕਰਦਾ ਹਾਂ ।

ਮਿਹਰ ਚੰਦ : ਸੁਖੀ ਰਹੋ (ਕੌਮਾ ਦੇ ਸਿਰ ਤੇ ਹੱਥ ਧਰ ਕੇ) ਬੇਟੀ, ਮੈਂ ਤੈਨੂੰ ਹੀ ਵੇਖਣ ਲਈ ਇਧਰ ਆਇਆ ਹਾਂ । ਤੂੰ ਉਦਾਸ ਕਿਉਂ ਹੈਂ ?

(ਸ਼ਕ-ਰਾਜ ਵਲ ਗੂੜੀਆਂ ਨਜ਼ਰਾਂ ਨਾਲ ਵੇਖਣ ਲਗਦੀ ਹੈ ।)

ਸ਼ਕ-ਰਾਜ : ਆਚਾਰੀਆ ! ਰਾਜ ਗੁਪਤ ਦਾ ਹੰਕਾਰ ਚੂਰ ਚੂਰ ਕਰਨ ਲਈ, ਮੈਂ ਧਰੁਵਸਵਾਮਿਨੀ ਨੂੰ ਭੇਂਟ ਰੂਪ 'ਚ ਭੇਜਣ ਦੀ ਉਸ ਨੂੰ ਆਗਿਆ ਦਿਤੀ ਸੀ । ਅੱਜ ਰਾਮ ਗੁਪਤ ਦੀ ਰਾਣੀ ਮੇਰੇ ਕਿਲ੍ਹੇ 'ਚ ਆਈ ਹੈ । ਕੋਮਾ ਨੂੰ ਇਹ ਬੁਰਾ ਲੱਗਾ ਹੈ।

ਮਿਹਰ ਦੇਵ : (ਗੰਭੀਰਤਾ ਨਾਲ) ਅਜਿਹਾ ਕੰਮ ਬੁਰਾ ਲਗਣਾ ਹੀ ਚਾਹੀਦਾ ਹੈ । ਰਾਜਾ ! ਔਰਤ ਦੀ ਪੱਤ ਲਾਹ ਕੇ ਜੋ ਤੁਸੀਂ ਭਿਆਨਕ ਅਪਰਾਧ ਕਰੋਗੇ, ਕੀ ਉਸ ਦਾ ਫਲ ਚੰਗਾ ਹੋਵੇਗਾ? ਹੋਰ ਵੀ, ਇਹ ਤੁਹਾਡੀ ਹੋਣ ਵਾਲੀ ਪਤਨੀ ਦੇ ਪ੍ਰਤੀ ਤੁਹਾਡਾ ਅਤਿਆਚਾਰ ਹੋਵੇਗਾ।

ਸ਼ਕ-ਰਾਜ : (ਗੁੱਸੇ ਨਾਲ) ਹੋਣ ਵਾਲੀ ਪਤਨੀ ?

ਮਿਹਰ ਦੇਵ : ਤੇ, ਕੀ ਤੁਸੀਂ ਥੋੜ੍ਹ-ਚਿਰੀ ਸਫ਼ਲਤਾ ਨਾਲ ਮਸਤ ਹੋ ਜਾਓਗੇ ? ਕੀ ਤੁਸੀਂ ਆਪਣੇ ਆਚਾਰੀਆ ਦੀ ਪਾਲੀ-ਪੁਤਰੀ ਨਾਲ ਪਿਆਰ ਦਾ ਸੰਬੰਧ ਨਹੀਂ ਜੋੜਿਆ ਹੈ ? ਕੀ ਇਸ ਵਿਚ ਵੀ ਸ਼ੱਕ ਹੈ ? ਰਾਜਾ ! ਔਰਤਾਂ ਦੇ ਪਿਆਰ ਨੂੰ, ਵਿਸ਼ਵਾਸ ਨੂੰ ਭੰਗ ਕਰ ਦੇਣਾ-ਕੱਚੇ ਧਾਗੇ ਨਾਲੋਂ ਵੀ ਆਸਾਨ ਹੈ, ਪਰ ਸਾਵਧਾਨ ਹੋ ਕੇ ਉਸ ਦੇ ਨਤੀਜੇ ਨੂੰ ਵੀ ਵਿਚਾਰ ਲਵੋ।

ਸ਼ਕ-ਰਾਜ : ਮੈਂ ਸਮਝਦਾ ਹਾਂ ਕਿ ਆਪ ਮੇਰੇ ਰਾਜਨੀਤਿਕ ਕੰਮਾਂ 'ਚ ਦਖ਼ਲ ਨਾ ਦਿਓ, ਤਾਂ ਚੰਗਾ ਹੈ ।

ਮਿਹਰ ਦੇਵ : ਰਾਜਨੀਤੀ ? ਰਾਜਨੀਤੀ ਹੀ ਮਨੁੱਖਾਂ ਲਈ ਸਭ ਕੁਝ ਨਹੀਂ ਹੈ । ਰਾਜਨੀਤੀ ਲਈ ਨੀਤੀ ਤੋਂ ਵੀ ਹੱਥ ਨਾ ਧੋ ਬੈਠੋ, ਜਿਸ ਦਾ ਵਿਸ਼ਵ ਦੇ ਮਨੁੱਖ ਨਾਲ ਵਿਆਪਕ ਸੰਬੰਧ ਹੈ। ਰਾਜਨੀਤੀ ਦੀਆਂ ਸਾਧਾਰਣ ਚਾਲਾਂ ਨਾਲ ਸਫ਼ਲਤਾ ਪ੍ਰਾਪਤ ਕਰ ਕੇ ਖਿਨ ਭਰ ਲਈ ਤੁਸੀਂ ਆਪਣੇ ਆਪ ਨੂੰ ਸਿਆਣਾ ਸਮਝਣ ਦੀ ਭੁੱਲ ਕਰ ਸਕਦੇ ਹੋ, ਪਰ ਇਸ ਕਠੋਰ ਸੰਸਾਰ 'ਚ ਇਕ ਪਿਆਰ ਕਰਨ ਵਾਲੇ ਹਿਰਦੇ ਨੂੰ ਹੱਥੋਂ ਗੁਆ ਲੈਣਾ, ਸਭ ਤੋਂ ਵੱਡਾ ਨੁਕਸਾਨ ਹੈ । ਸ਼ਕ-ਰਾਜ, ਦੋ ਪਿਆਰ ਕਰਨ ਵਾਲੀਆਂ ਰੂਹਾਂ 'ਚ ਸਵਰਗੀ ਜੋਤੀ ਦਾ ਵਾਸ ਹੈ ।

ਸ਼ਕ-ਰਾਜ : ਬੱਸ, ਬਹੁਤ ਹੋ ਚਕਿਆ ਹੈ । ਤੁਹਾਡੇ ਮਹੱਤਵ ਦੀ ਵੀ ਇਕ ਹੱਦ ਹੈ, ਹੁਣ ਜੇਕਰ ਤੁਸੀਂ ਇਥੋਂ ਨਹੀਂ ਜਾਂਦੇ ਤਾਂ ਮੈਂ ਹੀ ਚਲਾ ਜਾਂਦਾ ਹਾਂ ।

(ਜਾਂਦਾ ਹੈ ।)

ਮਿਹਰ ਦੇਵ : ਚਲ, ਕਮਾ ! ਸਾਨੂੰ ਵੇਲਾ ? ਦਰੱਖ਼ਤਾਂ ਤੇ ਚਟਾਨਾਂ ਤੋਂ ਛਾਂ ਤੇ ਹਮਦਰਦੀ ਮਿਲੇਗੀ । ਇਸ ਕਿਲੇ 'ਚੋਂ ਨਿਕਲ ਚਲ ।

ਕੋਮਾ : (ਖ਼ੁਸ਼ ਹੋ ਕੇ) ਪਿਤਾ ਜੀ ! (ਖੜੀ ਰਹਿੰਦੀ ਹੈ ।)

ਮਿਹਰ ਦੇਵ : ਬੇਟੀ ! ਹਿਰਦੇ ਨੂੰ ਸੰਭਾਲ । ਦੁੱਖ ਝੱਲਣ ਲਈ ਤਿਆਰ ਹੋ ਜਾ । ਛਲ ਵਿਚ ਬੜਾ ਮੋਹ ਹੁੰਦਾ ਹੈ । ਉਸ ਨੂੰ ਛੱਡਣ ਲਈ ਦਿਲ ਨਹੀਂ ਕਰਦਾ । ਕੋਮਾ ! ਛਲ ਦਾ ਬਾਹਰਲਾ ਰੂਪ ਬੜਾ ਸੁੰਦਰ ਹੁੰਦਾ ਹੈ । ਨਿੰਮਰ ਤੇ ਅਕਰਸ਼ਕ ਵੀ । ਪਤ ਦੁੱਖ ਦੇਣ ਵਾਲਾ ਤੇ ਹਿਰਦੇ ਨੂੰ ਵਿੰਨ੍ਹ ਦੇਣ ਲਈ । ਤੋੜ ਦੇ ਇਸ ਸੰਬੰਧ ਨੂੰ ।

ਕੋਮਾ : (ਦੁੱਖ ਨਾਲ) ਤੋੜ ਦਿਆਂ ਪਿਤਾ ਜੀ ! ਮੈਂ ਜਿਸ ਨੂੰ ਆਪਣੇ ਅੱਥਰੂਆਂ ਨਾਲ ਸਿੰਜਿਆ ਸੀ ਉਹੀ ਪਿਆਰੀ ਵੱਲ ਮੇਰੀ ਅਣਗਹਿਲੀ ਕਾਰਣ ਮੇਰੇ ਪੈਰਾਂ ਲਈ ਰੋਕ ਬਣ ਗਈ ਹੈ, ਦੇ ਦਿਆਂ ਇਕ ਝਟਕਾ— ਉਸ ਦੀਆਂ ਹਰੀਆਂ ਤੇ ਮੁਲਾਇਮ ਪੱਤੀਆਂ ਪੈਰਾਂ ਹੇਠ ਮਸਲੀਆਂ ਜਾਣ ਤੇ ਉਹ ਟੋਟੇ ਟੋਟੇ ਹੋ ਕੇ ਮਿੱਟੀ 'ਚ ਮਿਲ ਜਾਵੇ ? ਨਹੀਂ, ਅਜਿਹੀ ਕਠੋਰ ਆਗਿਆ ਨਾ ਦਿਓ, ਪਿਤਾ ਜੀ ।

ਮਿਹਰ ਦੇਵ : (ਹਉਕਾ ਲੈ ਕੇ ਆਕਾਸ਼ ਵਲ ਵੇਖਦਾ ਹੋਇਆ) ਇਥੇ ਤੇਰੀ ਭਲਾਈ ਹੁੰਦੀ ਤਾਂ ਮੈਂ ਚੱਲਣ ਲਈ ਨਾ ਕਹਿੰਦਾ। ਅਸੀਂ ਅਖ਼ਰੋਟ ਦੀ ਛਾਂ 'ਚ ਦੇ ਕੁੰਜ 'ਚ ਆਰਾਮ ਬੈਠਾਂਗੇ - ਝਰਨਿਆਂ ਦੇ ਕੰਢੇ; ਦਾਖਾਂ ਕਰਾਂਗੇ। ਜਦ ਨੀਲੇ ਆਕਾਸ਼ 'ਚ ਬੱਦਲਾਂ ਦੇ ਟੋਟੇ, ਮਾਨ-ਸਰੋਵਰ ਜਾਣ ਵਾਲੇ ਹੰਸਾਂ ਦਾ ਰੂਪ ਧਾਰਣ ਕਰਨਗੇ, ਤਦ ਤੂੰ ਆਪਣੀ ਤੱਕਲੀ ਤੇ ਉੱਨ ਕਤਦੀ ਹੋਈ ਕਹਾਣੀ ਸੁਣਾਈ ਤੇ ਮੈਂ ਸੁਣਾਂਗਾ।

ਕੋਮਾ : ਤਾਂ ਚਲਾਂ ! (ਇਕ ਵਾਰ ਚੁਪਾਸੀਂ ਵੇਖ ਕੇ) ਇਕ ਘੜੀ ਲਈ ਮੈਨੂੰ .......

ਮਿਹਰ ਦੇਵ : (ਉੱਬ ਕੇ ਆਕਾਸ਼ ਵਲ ਵੇਖਦਾ ਹੋਇਆ) ਤੂੰ ਨਹੀਂ ਮੰਨਦੀ । ਓਹ ਵੇਖ, ਨੀਲਾ ਲਹੂ-ਰੰਗਾ ਪੂਛਲ-ਤਾਰਾ ਸਿਥਰ ਭਾਵ ਨਾਲ ਇਸ ਕਿਲ੍ਹੇ ਵਲ ਕਿਹਾ ਭਿਆਨਕ ਇਸ਼ਾਰਾ ਕਰਦਾ ਹੈ ।

ਕੋਮਾ : (ਉੱਧਰ ਵੇਖਦੀ ਹੋਈ) ਤਾਂ ਵੀ ਇਕ ਖਿਨ ਮੈਨੂੰ...

ਮਿਹਰ ਦੇਵ : ਮੂਰਖ ਕੁੜੀ ! ਚੰਗਾ ਮੈਂ ਫੇਰ ਆਵਾਂਗਾ । ਤੰ ਸੋਚ ਲੈ, ਵਿਚਾਰ ਕਰ ਲੈ । (ਜਾਂਦਾ ਹੈ।)

ਕੋਮਾ : ਜਾਣਾ ਹੀ ਪਵੇਗਾ। ਤਦ ਇਹ ਮਨ 'ਚ ਉਲਝਣ ਕਿਉਂ ? ਅਮੰਗਲ ਦਾ ਸਰਾਪ ਆਪਣੇ ਵਿਕਰਾਲ ਹਾਸੇ ਨਾਲ ਇਸ ਕਿਲੇ ਨੂੰ ਕੰਬਾ ਦੇਵੇਗਾ ਅਤੇ ਸੁੱਖ ਤੇ ਸੁਫ਼ਨੇ ਛਾਈਂ-ਮਾਈਂ ਹੋ ਜਾਣਗੇ । ਮੇਰੇ ਇਥੇ ਰਹਿਣ ਨਾਲ ਉਨ੍ਹਾਂ ਨੂੰ ਆਪਣੇ ਭਾਵਾਂ ਨੂੰ ਲੁਕਾਉਣ ਲਈ ਬਣਾਉਟੀ ਵਿਵਹਾਰ ਕਰਨਾ ਪਵੇਗਾ; ਪਰਾਏ ਪੈਰ ਤੇ ਅਪਮਾਨਿਤ ਹੋ ਕੇ ਮੇਰਾ ਹਿਰਦਾ ਉਸ ਨੂੰ ਸਹਿਣ ਨਹੀਂ ਕਰ ਸਕੇਗਾ ! ਤਾਂ ਚੱਲਾਂ ! ਇਹੋ ਠੀਕ ਹੈ । ਪਿਤਾ ਜੀ ! ਰੁਕੋ, ਮੈਂ ਆਉਂਦੀ ਹਾਂ ।

ਸ਼ਕ-ਰਾਜ : (ਆ ਕੇ) ਕੋਮਾ ?

ਕੋਮਾ: ਜਾਂਦੀ ਹਾਂ, ਰਾਜਾ !

ਸ਼ਕ-ਰਾਜ: ਕਿੱਥੇ ? ਆਚਾਰੀਆ ਦੇ ਕੋਲ ! ਮਲੂਮ ਹੁੰਦਾ ਹੈ ਕਿ ਉਹ ਬਹੁਤ ਹੀ ਦੁਖੀ ਹੋ ਕੇ ਚਲੇ ਗਏ ਹਨ ।

ਕੋਮਾ : ਪੂਛਲ-ਤਾਰੇ ਨੂੰ ਵਿਖਾ ਕੇ ਉਨ੍ਹਾਂ ਮੈਨੂੰ ਕਿਹਾ ਹੈ ਕਿ ਤੇਰੇ ਕਿਲੇ ਵਿਚ ਰਹਿਣ ਨਾਲ ਅਮੰਗਲ ਹੋਵੇਗਾ।

ਸ਼ਕ-ਰਾਜ : (ਡਰ ਕੇ ਉਸ ਨੂੰ ਵੇਖਦਾ ਹੋਇਆ) ਉਹ ! ਭਿਆਨਕ ਪੂਛਲ- ਤਾਰਾ ! ਆਕਾਸ਼ ਦਾ ਆਪ-ਹੁਦਰਾ ਯਾਤਰੀ ! ਨਛੱਤਰ-ਲੋਕ ਦਾ ਸਰਾਪ ! ਕੋਮਾ ! ਆਚਾਰੀਆ ਨੂੰ ਸੱਦ । ਉਹ ਜੋ ਆਗਿਆ ਦੇਣਗੇ, ਮੈਂ ਉਹੀ ਕਰਾਂਗਾ । ਇਸ ਅਮੰਗਲ ਦੀ ਸ਼ਾਂਤੀ ਹੋਣੀ ਚਾਹੀਦੀ ਹੈ ।

ਕੋਮਾ : ਉਹ ਬਹੁਤ ਚਿੜ ਗਏ ਹਨ । ਹੁਣ ਉਨ੍ਹਾਂ ਨੂੰ ਖ਼ੁਸ਼ ਕਰਨਾ ਸਹਿਜ ਨਹੀਂ । ਉਹ ਮੈਨੂੰ ਆਪਣੇ ਨਾਲ ਲੈ ਜਾਣ ਲਈ ਮੇਰੀ ਉਡੀਕ ਕਰਦੇ ਹੋਣਗੇ ।

ਸ਼ਕ-ਰਾਜ : ਕੋਮਾ ! ਤੂੰ ਕਿੱਥੇ ਜਾਵੇਂਗੀ ?

ਕੋਮਾ : ਪਿਤਾ ਜੀ ਦੇ ਨਾਲ ।

ਸ਼ਕ-ਰਾਜ : ਤੇ ਮੇਰਾ ਪਿਆਰ, ਮੇਰਾ ਸਨੇਹ, ਸਭ ਭੁਲਾ ਦੇਵੇਂਗੀ ? ਇਸ ਅਮੰਗਲ ਦੀ ਸ਼ਾਂਤੀ ਕਰਨ ਲਈ ਆਚਾਰੀਆ ਨੂੰ ਨਹੀਂ ਸਮਝਾਵੇਂਗੀ ?

ਕੋਮਾ: (ਉਦਾਸ ਹੋ ਕੇ) ਪਿਆਰ ਦਾ ਨਾਂ ਨਾ ਲਵੋ । ਉਹ ਇਕ ਪੀੜ ਸੀ, ਜਿਹੜੀ ਖ਼ਤਮ ਹੋ ਗਈ ਹੈ । ਉਸ ਦੀ ਵੇਦਨਾ ਵੀ ਹੌਲੀ ਹੌਲੀ ਹੱਟ ਜਾਵੇਗੀ। ਰਾਜਾ ! ਮੈਂ ਤੁਹਾਨੂੰ ਪਿਆਰ ਨਹੀਂ ਕਰਦੀ । ਮੈਂ ਤਾਂ ਤੁਹਾਡੇ ਗੌਰਵ ਦੇ ਪ੍ਰਕਾਸ਼ ਨਾਲ ਭਰੀ ਮਹੱਤਵ-ਮਈ ਪੁਰਖ-ਮੂਰਤੀ ਦੀ ਪੁਜਾਰਨ ਸੀ, ਜਿਸ ਵਿਚ ਧਰਤੀ ਤੇ ਆਪਣੇ ਪੈਰਾਂ ਤੇ ਖੜੇ ਹੋਣ ਦੀ ਦ੍ਰਿੜਤਾ ਸੀ । ਇਸ ਸਵਾਰਥੀ, ਕੋਝੀ ਤੇ ਪਾਪ 'ਚ ਲਿੱਬੜੀ ਮੂਰਤੀ ਨਾਲ ਮੇਰੀ ਕੋਈ ਜਾਣ-ਪਛਾਣ ਨਹੀਂ । ਆਪਣੇ ਤੇਜ ਦੀ ਅੱਗ ਚ' ਜਿਹੜਾ ਸਭ ਕੁਝ ਸਵਾਹ ਕਰ ਸਕਦਾ ਹੋਵੇ, ਉਸ ਦ੍ਰਿੜਤਾ ਦਾ ਆਕਾਸ਼ ਦੇ ਗ੍ਰਹਿ ਕੁਝ ਸੰਵਾਰ-ਵਿਗਾੜ ਨਹੀਂ ਸਕਦੇ ਕੀ ਤੁਸੀਂ ਸ਼ੰਕਾ ਮਾਤਰ ਨਾਲ ਹੀ ਦੁਰਬਲ, ਕੰਬਦੇ ਤੋਂ ਡਰ ਗਏ ਹੋ ?

ਸ਼ਕ-ਰਾਜ : (ਪੂਛਲ-ਤਾਰੇ ਨੂੰ ਬਾਰ ਬਾਰ ਵੇਖਦਾ ਹੋਇਆ) ਭਿਆਨਕ ! ਕਮਾ ਮੈਨੂੰ ਬਚਾਅ।

ਕੋਮਾ : ਜਾਂਦੀ ਹਾਂ ਮਹਾਰਾਜ ! ਪਿਤਾ ਜੀ ਮੇਰੀ ਉਡੀਕ ਕਰਦੇ ਹੋਣਗੇ । (ਜਾਂਦੀ ਹੈ । ਸ਼ਕ-ਰਾਜ ਆਪਣੇ ਸਿੰਘਾਸਣ ਤੇ ਆਸ-ਹੀਣ ਹੋ ਕੇ ਬੈਠ ਜਾਂਦਾ ਹੈ।)

ਪਹਿਰੇਦਾਰ : (ਆ ਕੇ) ਮਹਾਰਾਜ ! ਧਰੁਵਸਵਾਮਿਨੀ ਨੇ ਪੁੱਛਿਆ ਹੈ ਕਿ ਇਕਾਂਤ ਹੋਵੇ ਤਾਂ ਸੇਵਾ 'ਚ ਹਾਜ਼ਰ ਹੋਵਾਂ।

ਸ਼ਕ-ਰਾਜ : ਹਾਂ, ਕਹਿ ਦਿਓ ਕਿ ਇਥੇ ਇਕਾਂਤ ਹੈ । ਤੇ ਵੇਖ, ਇਥੇ ਹੋਰ ਕੋਈ ਨਾ ਆਵੇ।(ਪਹਿਰੇਦਾਰ ਜਾਂਦਾ ਹੈ । ਸ਼ਕ-ਰਾਜ ਚੰਚਲ ਹੋ ਕੇ ਟਹਿਲਦਾ ਹੈ । ਪੂਛਲ-ਤਾਰੇ ਵਲ ਨਜ਼ਰ ਜਾਂਦੀ ਹੈ ਤਾਂ ਡਰ ਕੇ ਬੈਠ ਜਾਂਦਾ ਹੈ ।)

ਸ਼ਕ-ਰਾਜ : ਤਾਂ ਇਸ ਦਾ ਕੋਈ ਉਪਾਅ ਨਹੀਂ ? ਪਤਾ ਨਹੀਂ ਮੇਰਾ ਹਿਰਦਾ ਕਿਉਂ ਕੰਬਦਾ ਹੈ ? ਕੋਮਾ ਨੂੰ ਸਮਝਾ ਬੁਝਾ ਕੇ ਲੈ ਆਉਣਾ ਚਾਹੀਦਾ ਹੈ । (ਸੋਚ ਕੇ) ਪਰ ਇਧਰ ਧਰੁਵ-ਸਵਾਮਿਨੀ ਜੋ ਆਉਂਦੀ ਪਈ ਹੈ । ਤਾਂ ਵੀ ਵੇਖਾਂ, ਜੇਕਰ ਕੋਮਾ ਖ਼ੁਸ਼ ਹੋ ਜਾਵੇ. (ਜਾਂਦਾ ਹੈ)

(ਔਰਤ ਦੇ ਭੇਸ 'ਚ ਚੰਦਰ ਗੁਪਤ ਅੱਗੇ ਤੇ ਧਰੁਵਸਵਾਮਿਨੀ ਸੋਨੇ ਨਾਲ ਜੜੇ ਆਪਣੇ ਦੁਪੱਟੇ 'ਚ ਆਪਣੇ ਸਾਰੇ ਅੰਗਾਂ ਨੂੰ ਲੁਕਾ ਕੇ ਪਿੱਛੇ ਪਿੱਛੇ ਆਉਂਦੀ ਹੈ । ਮੂੰਹ ਦੇ ਅਣਕੱਜੇ ਭਾਗ ਤੇ ਹੀ ਪ੍ਰਸੰਨਤਾ ਦੇ ਹਾਵ-ਭਾਵ ਵਿਖਾਈ ਦਿੰਦੇ ਹਨ ।)

ਚੰਦਰ ਗੁਪਤ : ਅੱਜ ਤੁਸੀਂ ਬਹੁਤ ਖ਼ੁਸ਼ ਹੋ ।

ਧਰੁਵਸਵਾਮਿਨੀ : ਤੇ ਕੀ ਤੁਸੀਂ ਨਹੀਂ ?

ਚੰਦਰ ਗੁਪਤ : ਮੇਰੀ ਜੀਵਨ ਦੀ ਰਾਤ ਦਾ ਧਰੁਵ-ਨਛੱਤਰ ਇਸ ਕਾਲੇ ਹਨੇਰੇ 'ਚ ਆਪਣੀ ਸਿੱਥਰ ਉਜਲਤਾ ਨਾਲ ਚਮਕਦਾ ਪਿਆ ਹੈ । ਅੱਜ ਮਹਾ-ਉਤਸਵ ਹੈ ਨਾਂ ?

ਧਰੁਵਸਵਾਮਿਨੀ : ਮੁੜ ਜਾਉ ਪਿੱਛੇ। ਇਸ ਨਿਮਾਣੇ ਨਾਰੀ-ਜੀਵਨ ਲਈ ਇੱਡੇ ਵੱਡੇ ਬਲੀਦਾਨ ਦੀ ਜ਼ਰੂਰਤ ਨਹੀਂ ।

ਚੰਦਰ ਗੁਪਤ : ਦੇਵੀ ! ਇਹ ਤੁਹਾਡਾ ਥੋੜ੍ਹ-ਚਿਰਾ ਮੋਹ ਹੈ । ਮੇਰੀ ਪਰੀਖਿਆ ਨਾ ਲਵੋ । ਮੇਰੇ ਸਰੀਰ ਨੇ ਚਾਹੇ ਕੋਈ ਰੂਪ ਧਾਰਿਆ ਹੋਵੇ, ਪਰ ਹਿਰਦਾ ਸਾਫ਼ ਹੈ ।

ਧਰੁਵਸਵਾਮਿਨੀ : ਆਪਣੀ ਕਾਮਨਾ ਦੀ ਵਸਤੂ ਨਾ ਪ੍ਰਾਪਤ ਹੋਣ ਕਰ ਕੇ ਇਹ ਆਤਮ-ਹੱਤਿਆ ਜਿਹਾ ਪ੍ਰਸੰਗ ਤਾਂ ਨਹੀਂ ਹੈ ?

ਚੰਦਰ ਗੁਪਤ : ਤਿੱਖੇ ਬਚਨ-ਬਾਣਾਂ ਨਾਲ ਵਿੰਨ੍ਹ ਕੇ ਵੀ ਅੱਜ ਕੋਈ ਮੈਨੂੰ ਇਸ ਮੌਤ ਦੇ ਮੂੰਹ 'ਚ ਜਾਣੋਂ ਨਹੀਂ ਮੋੜ ਸਕਦਾ । ਮੈਂ ਸਿਰਫ਼ ਆਪਣਾ ਕਰਤੱਵ ਪਾਲਣ ਕਰਾਂ, ਇਸੇ 'ਚ ਮੈਨੂੰ ਸੁਖ ਹੈ।

(ਧਰੁਵਸਵਾਮਿਨੀ ਇਸ਼ਾਰਾ ਕਰਦੀ ਹੈ, ਸ਼ਕ-ਰਾਜ ਆਉਂਦਾ ਹੈ । ਦੋਵੇਂ ਚੁਪ ਹੋ ਜਾਂਦੇ ਹਨ। ਉਹ ਦੋਵਾਂ ਨੂੰ ਹੈਰਾਨ ਹੋ ਕੇ ਵੇਖਦਾ ਹੈ ।)

ਸ਼ਕ-ਰਾਜ : ਮੈਂ ਕਿਸ ਨੂੰ ਰਾਣੀ ਸਮਝਾਂ ? ਰੂਪ ਦਾ ਅਜਿਹਾ ਤਿੱਖਾ ਪ੍ਰਕਾਸ਼ ! ਨਹੀਂ, ਮੈਂ ਕਦੀ ਨਹੀਂ ਵੇਖਿਆ ਸੀ ! ਇਸ ਵਿਚ ਕੌਣ ਧਰੁਵਸਵਾਮਿਨੀ ਹੈ ?

ਧਰੁਵਸਵਾਮਿਨੀ : ਇਹ ਮੈਂ ਆ ਗਈ ਹਾਂ ।

ਚੰਦਰ ਗੁਪਤ : (ਹੱਸ ਕੇ) ਤੂੰ ਸ਼ਕ-ਰਾਜ ਨੂੰ ਧੋਖਾ ਨਹੀਂ ਦੇ ਸਕਦੀ । ਧਰੁਵਸਵਾਮਿਨੀ ਕੌਣ ਹੈ ? ਇਕ ਅੰਨ੍ਹਾ ਵੀ ਦਸ ਸਕਦਾ ਹੈ ।

ਧਰੁਵਸਵਾਮਿਨੀ : (ਹੈਰਾਨੀ ਨਾਲ) ਚੰਦਰਾ ! ਤੈਨੂੰ ਕੀ ਹੋ ਗਿਆ ਹੈ ? ਇਥੇ ਆ ਕੇ ਤੇਰੀ ਇੱਛਿਆ ਰਾਣੀ ਬਣਨ ਦੀ ਹੋ ਗਈ ਹੈ ? ਜਾਂ ਮੈਨੂੰ ਸ਼ਕ-ਰਾਜ ਤੋਂ ਬਚਾਉਣ ਲਈ ਇਹ ਤੇਰੀ ਸੁਆਮੀ ਭਗਤੀ ਹੈ ?

(ਸ਼ਕ-ਰਾਜ ਹੈਰਾਨ ਹੋ ਕੇ ਦੋਵਾਂ ਵੱਲ ਵੇਖਦਾ ਹੈ ।)

ਚੰਦਰ ਗੁਪਤ : ਕੌਣ ਜਾਣਦਾ ਹੈ ਕਿ ਤੂੰ ਹੀ ਅਜਿਹਾ ਕਰਦੀ ਹੋਵੇਂ ?

ਧਰੁਵਸਵਾਮਿਨੀ : ਚੰਦਰਾ ! ਤੂੰ ਮੈਨੂੰ ਦੋਵੀਂ ਪਾਸੀਂ ਬਰਬਾਦ ਨਾ ਕਰ । ਇਥੋਂ ਵਾਪਸ ਜਾਣ ਤੇ ਵੀ ਕੀ ਮੈਂ ਗੁਪਤ-ਕੁਲ ਦੇ ਮਹਿਲਾਂ 'ਚ ਰਹਿ ਸਕਾਂਗੀ ?

ਚੰਦਰ ਗੁਪਤ : ਮੇਰਾ ਚੰਦਰਾ ਨਾਂ ਧਰਨ ਦਾ ਚੰਗਾ ਰੇੜਕਾ ਪਾ ਲਿਆ ਹੈ ਤੇਰਾ ਕੀ ਮਤਲਬ ਹੈ ? ਇਹ ਤੂੰ ! ਇਸੇ ਲਈ ਮੈਂ ਏਕਾਂਤ ਵਿਚ ਮਿਲਣ ਦੀ ਬੇਨਤੀ ਕੀਤੀ ਸੀ ।

ਧਰੁਵਸਵਾਮਿਨੀ : ਤਾਂ ਕੀ ਇਥੇ ਵੀ ਮੇਰੇ ਨਾਲ ਧੋਖਾ ਹੋਵੇਗਾ ?

ਸ਼ਕ-ਰਾਜ : ਰੁਕੋ, (ਦੋਵਾਂ ਨੂੰ ਧਿਆਨ ਨਾਲ ਵੇਖਦਾ ਹੋਇਆ) ਚਿੰਤਾ ਕਾਹਦੀ, ਜੇ ਕਰ ਮੈਂ ਦੋਵਾਂ ਨੂੰ ਰਾਣੀ ਮੰਨ ਲਵਾਂ ?

ਧਰੁਵਸਵਾਮਿਨੀ : ਹੈਂ?...

ਚੰਦਰ ਗੁਪਤ : ਹੈਂ?...

ਸ਼ਕ-ਰਾਜ : ਕਿਉਂ ? ਇਸ ਵਿਚ ਕੀ ਬੁਰਾਈ ਹੈ ?

ਚੰਦਰ-ਗੁਪਤ : ਜੀ ਨਹੀਂ, ਇਹ ਨਹੀਂ ਹੋ ਸਕਦਾ । ਧਰੁਵਸਵਾਮਿਨੀ ਕਿਹੜੀ ਹੈ, ਇਸ ਦਾ ਨਿਰਣਾ ਪਹਿਲਾਂ ਹੋਣਾ ਚਾਹੀਦਾ ਹੈ ।

ਧਰੁਵਸਵਾਮਿਨੀ : (ਕ੍ਰੋਧ ਨਾਲ) ਚੰਦਰਾ ! ਮੇਰੇ ਭਾਗ ਦੇ ਆਕਾਸ਼ 'ਚ ਪੂਛਲ- ਤਾਰੇ ਵਾਲੀ ਚਾਲ ਤੋਂ ਮੁੜ ਜਾ।

ਸ਼ਕ-ਰਾਜ : ( ਪੂਛਲ-ਤਾਰੇ ਵਲ ਤਕ ਕੇ ਡਰਿਆ ਹੋਇਆ ਜਿਹਾ) ਉਹ ਭਿਆਨਕ !

(ਉਤਾਵਲਾ ਜਿਹਾ ਹੋ ਕੇ ਟਹਿਲਦਾ ਹੈ ।)

ਚੰਦਰ ਗੁਪਤ : (ਸ਼ਕ-ਰਾਜ ਦੀ ਪਿੱਠ ਤੇ ਹੱਥ ਧਰ ਕੇ) ਸੁਣੋ...

ਧਰੁਵਸਵਾਮਿਨੀ : ਚੰਦਰਾ !

ਚੰਦਰ ਗੁਪਤ : ਇਸ ਧਮਕੀ ਦਾ ਕੋਈ ਲਾਭ ਨਹੀਂ ।

ਧਰੁਵਸਵਾਮਿਨੀ : ਤਾਂ ਫੇਰ ਮੇਰਾ ਤੇ ਤੇਰਾ ਜੀਵਨ-ਮਰਨ ਸਾਂਝਾ ਹੀ ਹੋਵੇਗਾ ।

ਚੰਦਰ ਗੁਪਤ : ਤਾਂ ਡਰਦਾ ਕੌਣ ਹੈ ? (ਦੋਵੇਂ ਜਲਦੀ ਹੀ ਕ੍ਰਿਪਾਨ ਕੱਢਦੇ ਹਨ ।)

ਸ਼ਕ-ਰਾਜ : (ਘਰਰਾ ਕੇ) ਹੈਂ, ਇਹ ਕੀ ? ਤੁਸੀਂ ਦੋਵੇਂ ਇਹ ਕੀ ਕਰਦੀਆਂ ਜੇ ? ਰੁਕੋ ! ਆਚਾਰੀਆ ਨੇ ਠੀਕ ਕਿਹਾ ਸੀ, ਅੱਜ ਸ਼ੁਭ ਮਹੂਰਤ ਨਹੀਂ । ਮੈਂ ਕਲ ਵਿਸ਼ਵਾਸ-ਪਾਤਰ ਵਿਅਕਤੀ ਨੂੰ ਸੱਦ ਕੇ ਇਸ ਦਾ ਨਿਸ਼ਚਾ ਕਰ ਲਵਾਂਗਾ । ਅੱਜ ਤੁਸੀਂ ਦੋਵੇਂ ਆਰਾਮ ਕਰੋ ।

ਧਰੁਵਸਵਾਮਿਨੀ : ਨਹੀਂ, ਇਸ ਦਾ ਨਿਸ਼ਚਾ ਤਾਂ ਅੱਜ ਹੀ ਹੋਣਾ ਚਾਹੀਦਾ ਹੈ ।

ਸ਼ਕ-ਰਾਜ : (ਦਰਮਿਆਨ ਖੜਾ ਹੋ ਕੇ) ਮੈਂ ਕਹਿੰਦਾ ਹਾਂ ਨਾਂ ।

ਚੰਦਰ ਗੁਪਤ : ਵਾਹ ਓਏ ਕਹਿਣ ਵਾਲਿਆ !

(ਧਰੁਵ ਧਰੁਵਸਵਾਮਿਨੀ ਜਿਵੇਂ ਡਰ ਕੇ ਪਿੱਛੇ ਹਟਦੀ ਹੈ ਤੇ ਸ਼ਕ-ਰਾਜ ਉਸ ਨੂੰ ਹੈਰਾਨੀ ਨਾਲ ਘੁੰਮ ਕੇ ਚੰਦਰ ਗੁਪਤ ਦਾ ਹੱਥ ਝਟਕੇ ਨਾਲ ਚੰਦਰ ਗੁਪਤ ਦਾ ਚੰਦਰ ਗੁਪਤ ਦੇ ਹਮਲੇ ਤੋਂ ਨਰਸਿੰਘਾ ਵਜਾਉਂਦੀ ਹੈ । ਸੁਣਦਾ ਹੋਇਆ ਅਚਾਨਕ ਫੜਦਾ ਹੈ । ਧਰੁਵਸਵਾਮਿਨੀ ਦੁਪੱਟਾ ਖਿੱਚ ਲੈਂਦੀ ਹੈ ਤੇ ਚੰਦਰ ਗੁਪਤ ਹੱਥ ਛੁਡਾ ਕੇ ਸ਼ਕ-ਰਾਜ ਨੂੰ ਘੇਰ ਲੈਂਦਾ ਹੈ ।

ਸ਼ਕ-ਰਾਜ : ਹੈਂ, ਤੂੰ ਕੌਣ ਹੈਂ, ਛਲੀਆ ?

ਚੰਦਰ ਗੁਪਤ : ਮੈਂ ਹਾਂ ਚੰਦਰ ਗੁਪਤ, ਤੇਰਾ ਕਾਲ ! ਮੈਂ ਇਕੱਲਾ ਹੀ ਆਇਆ ਹਾਂ; ਤੇਰੀ ਬਹਾਦੁਰੀ ਦੀ ਪਰੀਖਿਆ ਲੈਣ ਲਈ । ਸਾਵਧਾਨ !

(ਸ਼ਕ-ਰਾਜ ਵੀ ਕ੍ਰਿਪਾਨ ਕੱਢ ਕੇ ਯੁੱਧ ਲਈ ਅੱਗੇ ਵੱਧਦਾ ਹੈ। ਯੁੱਧ ਹੁੰਦਾ ਹੈ ਤੇ ਸ਼ਕ-ਰਾਜ ਮਾਰਿਆ ਜਾਂਦਾ ਹੈ । ਬਾਹਰ ਕਿਲ੍ਹੇ 'ਚ ਸ਼ੋਰ ਹੁੰਦਾ ਹੈ, "ਧਰੁਵਸਵਾਮਿਨੀ ਦੀ ਜੈ" ਦਾ ਰੌਲਾ ਪਾਉਂਦਾ ਹੋਏ ਲਹੂ ਲਿਬੜੇ ਜਵਾਨ ਸਰਦਾਰ ਆਉਂਦੇ ਹਨ । ਧਰੁਵਸਵਾਮਿਨੀ ਤੇ ਚੰਦਰ ਗੁਪਤ ਨੂੰ ਘੇਰ ਕੇ ਇਕ ਸਵਰ ਨਾਲ "ਜੈ ਹੋ ਧਰੁਵਸਵਾਮਿਨੀ ਦੀ!" ਦਾ ਨਾਅਰਾ ਲਾਉਂਦੇ ਹਨ ।)

(ਪਰਦਾ ਡਿਗਦਾ ਹੈ)

# ਤੀਜਾ ਅੰਕ

(ਸ਼ਕ-ਕਿਲ੍ਹੇ ਅੰਦਰ ਇਕ ਕਮਰਾ ਹੈ । ਤਿੰਨ ਚੌਂਕੀਆ 'ਚੋਂ ਦੋ ਖਾਲੀ ਹਨ । ਇਕ ਚੌਂਕੀ ਤੇ ਧਰੁਵਸਵਾਮਿਨੀ, ਚੌਂਕੀ ਦੀ ਪੌੜੀ ਤੇ ਖੱਬੇ ਪੈਰ ਤੇ ਸੱਜਾ ਪੈਰ ਰੱਖ ਕੇ ਹੇਠਾਂ ਤੇ ਉਂਗਲ ਧਰੀ ਚਿੰਤਾ 'ਚ ਡੁੱਬੀ ਬੈਠੀ ਹੈ । ਬਾਹਰ ਕੁਝ ਸ਼ੋਰ ਹੁੰਦਾ ਹੈ ।)

ਸੈਨਿਕ : (ਆ ਕੇ) ਮਹਾਦੇਵੀ ਦੀ ਜੈ ।

ਧਰੁਵਸਵਾਮਿਨੀ : (ਇਕ ਦਮ ਘਾਬਰ ਕੇ) ਕੀ ?

ਸੈਨਿਕ : (ਵਿਜੈ ਦਾ ਸਮਾਚਾਰ ਸੁਣ ਕੇ ਮਹਾਰਾਜ ਵੀ ਕਿਲੇ 'ਚ ਆ ਗਏ ਹਨ । ਅਜੇ ਤਾਂ ਉਹ ਸੈਨਿਕਾਂ ਨਾਲ ਗਲਬਾਤ ਕਰ ਰਹੇ ਹਨ । ਉਨ੍ਹਾਂ ਨੇ ਪੁੱਛਿਆ ਹੈ, ਮਹਾਦੇਵੀ ਕਿੱਥੇ ਹੈ ? ਆਪ ਦੀ ਜੋ ਆਗਿਆ ਹੋਵੇ, ਕਿਉਂਕਿ ਕੁਮਾਰ ਨੇ ਕਿਹਾ ਹੈ......।

ਧਰੁਵਸਵਾਮਿਨੀ : ਕੀ ਕਿਹਾ ਹੈ ? ਇਹੋ ਨਾ ਕਿ ਪਧਾਰਨ ? ਠੀਕ ਹੈ; ਅਜੇ ਮੈਂ ਮੈਨੂੰ ਪੁੱਛ ਕੇ ਰਾਜਾ ਇਥੇ ਬਹੁਤ ਥੱਕੀ ਹਾਂ । (ਸੈਨਿਕ ਜਾਣ ਲਗਦਾ ਹੈ । ਉਸ ਨੂੰ ਰੋਕ ਕੇ) ਤੇ ਸੁਣੋ, ਤੁਸੀਂ ਇਹ ਨਹੀਂ ਦੱਸਿਆ ਕਿ ਕੁਮਾਰ ਦੇ ਜ਼ਖ਼ਮਾਂ ਦਾ ਹੁਣ ਕੀ ਹਾਲ ਹੈ ?

ਸੈਨਿਕ : ਜ਼ਖ਼ਮਾਂ ਲਈ ਕੋਈ ਫ਼ਿਕਰ ਦੀ ਲੋੜ ਨਹੀਂ। ਉਨ੍ਹਾਂ ਤੇ ਪੱਟੀਆਂ ਹੋ ਚੁੱਕੀਆਂ ਹਨ। ਕੁਮਾਰ ਵੱਡੇ ਪੰਡਾਲ 'ਚ ਆਰਾਮ ਕਰ ਹੇ ਹਨ।

ਧਰੁਵਸਵਾਮਿਨੀ : ਚੰਗਾ ਜਾਓ (ਸੈਨਿਕ ਜਾਂਦਾ ਹੈ।)

ਮੰਦਾਕਿਨੀ : (ਅਚਾਨਕ ਆ ਕੇ) ਭਾਬੀ ! ਵਧਾਈ ਹੋਵੇ। (ਜਿਵੇਂ ਭੁੱਲ ਕੀਤੀ ਹੋਵੇ) ਨਹੀਂ ਨਹੀਂ ! ਮਹਾਦੇਵੀ ਖਿਮਾ ਕਰਨਾ।

ਧਰੁਵਸਵਾਮਿਨੀ : ਮੰਦਾ ! ਭੁੱਲ ਕੇ ਤੂੰ ਅੱਜ ਇਕ ਪਿਆਰੀ ਗੱਲ ਕਰ ਦਿੱਤੀ ਹੈ। ਕੀ ਤੂੰ ਉਹ ਵਾਪਸ ਲੈਣਾ ਚਾਹੁੰਦੀ ਹੈ ? ਹਾਇ ! ਜੇਕਰ ਇਹ ਸੱਚੀ ਹੁੰਦੀ ! (ਪ੍ਰੋਹਿਤ ਆਉਂਦਾ ਹੈ।)

ਮੰਦਾਕਿਨੀ : ਕੀ ਇਸ ਵਿਚ ਵੀ ਸ਼ੱਕ ਹੈ ?

ਧਰੁਵਸਵਾਮਿਨੀ : ਮੈਨੂੰ ਤਾਂ ਸ਼ਕ ਦਾ ਇੰਦਰਜਾਲ ਵਖਾਈ ਦਿੰਦਾ ਹੈ। ਮੈਂ ਨਾ ਤਾਂ ਮਹਾਦੇਵੀ ਹਾਂ ਤੇ ਨਾ ਹੀ ਤੇਰੀ ਭਾਬੀ। (ਪ੍ਰੋਹਿਤ ਨੂੰ ਵੇਖ ਕੇ ਚੁੱਪ ਹੋ ਜਾਂਦੀ ਹੈ।)

ਪ੍ਰੋਹਿਤ : (ਹੈਰਾਨੀ ਨਾਲ ਇੱਧਰ-ਉੱਧਰ ਤੱਕਦਾ ਹੋਇਆ) ਤਦ ਮੈਂ ਕੀ ਕਹਾਂ ?

ਮੰਦਾਕਿਨੀ : ਕਿਉਂ, ਕੀ ਤੁਸੀਂ ਕੁਝ ਕਹਿਣਾ ਹੈ ?

ਪ੍ਰੋਹਿਤ : ਅਜਿਹੇ ਉਪੱਦਰਾਂ ਦੇ ਪਿੱਛੋਂ ਸ਼ਾਂਤੀ-ਕਰਮ ਹੋਣਾ ਜ਼ਰੂਰੀ ਹੈ। ਮੈਂ ਇਸ ਲਈ ਮੰਗਲਕਾਰੀ ਸਵਸਤੀ ਪਾਠ ਲਈ ਇਥੇ ਆਇਆ ਸੀ, ਪਰ ਤੁਸੀਂ ਤਾਂ ਕਹਿੰਦੇ ਹੋ ਕਿ ਮੈਂ ਮਹਾਦੇਵੀ ਹੀ ਨਹੀਂ ਹਾਂ।

ਧਰੁਵਸਵਾਮਿਨੀ : (ਤਿੱਖੀ ਆਵਾਜ਼ ਨਾਲ) ਪ੍ਰੋਹਿਤ ਜੀ ! ਮੈਂ ਰਾਜਨੀਤੀ ਨਹੀਂ ਜਾਣਦੀ; ਪਰ ਇੰਨਾ ਜ਼ਰੂਰ ਜਾਣਦੀ ਹਾਂ ਕਿ ਜਿਹੜੀ ਰਾਣੀ ਦੁਸ਼ਮਣ ਲਈ ਭੇਟ ਕੀਤੀ ਗਈ ਉਹ ਮਹਾਦੇਵੀ ਦੇ ਉੱਚ-ਪੱਦ ਤੋਂ ਪਹਿਲਾਂ ਹੀ ਵੰਚਿਤ ਹੋ ਗਈ ਹੋਵੇਗੀ।

ਮੰਦਾਕਿਨੀ : ਪਰ ਤੁਸੀਂ ਤਾਂ ਭਾਂਬੀ ਹੋਣ ਤੋਂ ਵੀ ਮੁਨਕਰ ਹੋ।

ਧਰੁਵਸਵਾਮਿਨੀ : ਭਾਬੀ ਕਹਿਣ ਦੀ ਜੇਕਰ ਤੈਨੂੰ ਬੀਮਾਰੀ ਹੈ ਤਾਂ ਕਹਿ ਲੈ, ਕਿਉਂਕਿ ਇਨ੍ਹਾਂ ਪ੍ਰੋਹਿਤ ਜੀ ਨੇ ਹੀ ਉਸ ਦਿਨ ਕੁਝ ਮੰਤਰ ਪੜ੍ਹੇ ਸਨ। ਉਸ ਦਿਨ ਦੇ ਬਾਦ

ਮੈਨੂੰ ਕਦੀ ਰਾਜਾ ਨਾਲ ਸਿੱਧ-ਪੱਧਰੀ ਗੱਲਬਾਤ ਦਾ ਵੀ ਮੌਕਾ ਨਹੀਂ ਮਿਲਿਆ। ਹਾਂ ਪਤਾ ਨਹੀਂ ਮੇਰੇ ਕਿਹੜੇ ਅਪਰਾਧ ਤੇ ਸ਼ੱਕ ਕਰਦਿਆਂ ਉਨ੍ਹਾਂ ਨੇ ਜਦ ਮੈਨੂੰ ਦੇਸ਼-ਨਿਕਾਲਾ ਦਿੱਤਾ, ਤਦ ਮੈਂ ਆਪਣੇ ਇਸਤ੍ਰੀ ਹੋਣ ਦੇ ਅਧਿਕਾਰ ਦੀ ਰੱਖਿਆ ਲਈ ਉਨ੍ਹਾਂ ਅਗੇ ਵਾਸਤੇ ਪਾਏ ਸਨ । ਪਰ ਵਿਅਰਥ ! ਤੇ ਮੈਂ ਬਲੀ ਦਾ ਬਕਰਾ ਬਣ ਕੇ ਕਠੋਰ ਆਗਿਆ ਦੀ ਡੋਰੀ ਨਾਲ ਬੱਧੀ ਸ਼ਕਰਾਜ ਦੇ ਕਿਲੇ, 'ਚ ਧੱਕ ਦਿੱਤੀ ਗਈ । ਤਾਂ ਵੀ ਤੂੰ ਮੈਨੂੰ ਭਾਬੀ ਕਹਿਣਾ ਚਾਹੁੰਦੀ ਹੈਂ ?

ਮੰਦਾਕਿਨੀ : (ਸਿਰ ਝੁਕਾ ਕੇ) ਇਹ ਨਿੰਦਾ ਯੋਗ ਗਲਾਨੀ ਭਰਿਆ ਪ੍ਰਸ਼ਨ ਹੈ ।

ਪ੍ਰੋਹਿਤ : ਇਹ ਮੈਂ ਕੀ ਸੁਣਦਾ ਹਾਂ ! ਮੈਨੂੰ ਤਾਂ ਇਹ ਜਾਣ ਕੇ ਖ਼ੁਸ਼ੀ ਹੋਈ ਸੀ ਕਿ ਵੀਰ ਨਾਰੀ ਦੀ ਤਰ੍ਹਾਂ ਆਪਣੀ ਬਹਾਦਰੀ ਦੇ ਬਲ-ਬੁੱਤੇ ਤੇ ਮਹਾਦੇਵੀ ਨੇ ਇਸ ਕਿਲੇ ਤੇ ਅਧਿਕਾਰ ਕਰ ਲਿਆ ਹੈ ।

ਧਰੁਵਸਵਾਮਿਨੀ : ਤੁਸੀਂ ਕੂੜ ਤੋਲਦੇ ਹੋ ।

ਪ੍ਰੋਹਿਤ : (ਹੈਰਾਨੀ ਨਾਲ) ਮੈਂ ਤੇ ਕੂੜ ?

ਧਰੁਵਸਵਾਮਿਨੀ : ਹਾਂ, ਤੁਸੀਂ ਤੇ ਕੂੜ, ਨਹੀਂ, ਤੁਸੀਂ ਆਪ ਹੀ ਮਿਥਿਆ ਹੋ ।

ਪ੍ਰੋਹਿਤ : (ਹੱਸ ਕੇ) ਕੀ ਤੁਸੀਂ ਵੇਦਾਂਤ ਦੀ ਗੱਲ ਕਰਦੇ ਹੋ ? ਤਦ ਤਾਂ ਸੰਸਾਰ ਮਿਥਿਆ ਹੈ ਹੀ।

ਧਰੁਵਸਵਾਮਿਨੀ : (ਕ੍ਰੋਧ ਨਾਲ) ਸੰਸਾਰ ਮਿਥਿਆ ਹੈ ਜਾਂ ਨਹੀਂ, ਇਹ ਤਾਂ ਮੈਂ ਨਹੀਂ ਜਾਣਦੀ, ਪਰ ਕੀ ਤੁਸੀਂ, ਤੁਹਾਡਾ ਕਰਮ-ਕਾਂਡ ਤੇ ਤੁਹਾਡੇ ਸ਼ਾਸਤਰ ਸੱਤ ਹਨ ਜੋ ਹਮੇਸ਼ਾ ਰੱਖਿਆ ਕਰਨ ਯੋਗ ਨਾਰੀ ਦੀ ਇਹ ਦੁਰਦਸ਼ਾ ਹੁੰਦੀ ਪਈ ਹੈ ?

ਪ੍ਰਹਿਤ : (ਮੰਦਾਕਿਨੀ ਨੂੰ) ਬੇਟੀ ! ਤੂੰ ਹੀ ਦਸ, ਇਹ ਮੇਰਾ ਭਰਮ ਹੈ— ਜਾਂ ਮਹਾਦੇਵੀ ਦਾ ਰੋਸ ?

ਧਰੁਵਸਵਾਮਿਨੀ : ਰੋਸ ਹੈ, ਤਾਂ ਮੈਂ ਰੋਸ ਨਾਲ ਭੁੱਜਦੀ ਪਈ ਹਾਂ । ਇੱਡਾ ਵੱਡਾ ਮਜ਼ਾਕ-ਧਰਮ ਦੇ ਨਾਂ ਤੇ ਔਰਤ ਦੀ ਆਗਿਆ-ਪਾਲਣ, ਇਹ ਪਿਸ਼ਾਚੀ-ਪਰੀਖਿਆ, ਮੇਰੇ

ਕੋਲੋਂ ਜ਼ਬਰਦਸਤੀ ਲਈ ਗਈ ਹੈ ! ਪ੍ਰੋਹਿਤ ! ਤੁਸੀਂ ਮੇਰਾ ਜੋ ਰਾਖ਼ਸ਼-ਵਿਆਹ ਕਰਵਾਇਆ ਹੈ, ਉਸ ਦਾ ਸਮਾਰੋਹ ਵੀ ਕਿੱਡਾ ਸੁੰਦਰ ਹੈ । ਇਹ ਜਨ- ਨਾਸ਼ ਵੇਖੋ। ਅਜੇ ਉਸੇ ਕੋਠੜੀ 'ਚ ਲਹੂ-ਲਿਬੜੀ ਸ਼ਕਰਾਜ ਦੀ ਲੋਥ ਪਈ ਹੋਵੇਗੀ। ਕਿੰਨੇ ਹੀ ਸੈਨਿਕ ਦਮ ਤੋੜਦੇ ਪਏ ਹੋਣਗੇ ਤੇ ਇਸ ਲਹੂ ਦੀ ਧਾਰ 'ਚ ਤਰਦੀ ਹੋਈ ਮੈਂ ਰਾਖਸ਼ਨੀ ਵਾਂਗ ਸਾਹ ਲੈਂਦੀ ਹਾਂ । ਤੁਹਾਡਾ ਮੰਗਲ ਤੇ ਸਵਸਤੀ ਪਾਠ ਮੈਨੂੰ ਸ਼ਾਂਤੀ ਦੇਵੇਗਾ ?

ਮੰਦਾਕਿਨੀ : ਆਰੀਆ ! ਤੁਸੀਂ ਬੋਲਦੇ ਕਿਉਂ ਨਹੀਂ ? ਤੁਸੀਂ ਧਰਮ ਨਿਯਮਾਂ ਦੇ ਰਚਨਹਾਰ ਹੋ । ਜਿਨ੍ਹਾਂ ਇਸਤ੍ਰੀਆਂ ਨੂੰ ਧਰਮ-ਬੰਧਨ ਵਿਚ ਬੰਨ੍ਹ ਕੇ, ਉਨ੍ਹਾਂ ਦੀ ਸਲਾਹ ਬਿਨਾਂ ਹੀ ਤੁਸੀਂ ਉਨ੍ਹਾਂ ਦੇ ਸਭ ਅਧਿਕਾਰ ਖੋਹ ਲੈਂਦੇ ਹੋ ਤਾਂ ਕੀ ਧਰਮ ਦੇ ਪਾਸ ਕੋਈ ਇਸ ਦੀ ਇਵਜ਼ੀ, ਕੋਈ ਆਸਰਾ ਨਹੀਂ ਰਖਦੇ, ਜਿਸ ਤੋਂ ਉਹ ਔਰਤਾਂ ਆਪਣੀ ਬਿਪਤਾ 'ਚ ਆਸਰਾ ਲੈ ਸਕਣ ! ਕੀ ਭਵਿੱਖ 'ਚ ਸਹਿਯੋਗ ਦੀ ਕੋਰੀ ਕਪਲਨਾ ਨਾਲ ਉਨ੍ਹਾਂ ਨੂੰ ਤੁਸੀਂ ਸੰਤੁਸ਼ਟ ਰਹਿਣ ਦੀ ਆਗਿਆ ਦੇ ਕੇ ਆਰਾਮ ਕਰਦੇ ਹੋ ?

ਪ੍ਰੋਹਿਤ : ਨਹੀਂ, ਇਸਤ੍ਰੀ ਤੇ ਪੁਰਖ ਦਾ ਆਪੋ ਵਿਚ ਵਿਸ਼ਵਾਸ-ਪੂਰਵਕ ਅਧਿਕਾਰ, ਰੱਖਿਆ ਤੇ ਸਹਿਯੋਗ ਹੀ ਤਾਂ ਵਿਆਹ ਕਿਹਾ ਜਾਂਦਾ ਹੈ । ਜੇਕਰ ਅਜਿਹਾ ਨਾ ਹੋਵੇ ਤਾਂ ਧਰਮ ਤੇ ਵਿਆਹ ਇਕ ਖੇਡ ਹੈ।

ਧਰੁਵਸਵਾਮਿਨੀ : ਖੇਡ ਹੋਵੇ ਜਾਂ ਨਾਂ, ਪਰ ਇਕ ਨੀਚ ਪਤੀ ਦੁਆਰਾ ਛੱਡੀ ਗਈ ਇਸਤ੍ਰੀ ਦਾ ਮੌਤ ਦੇ ਮੂੰਹ ’ਚ ਜਾਣਾ ਹੀ ਚੰਗਾ ਹੈ । ਉਸ ਨੂੰ ਸਵਸਤੀ-ਪਾਠ ਤੇ ਸ਼ਾਂਤੀ ਦੀ ਲੋੜ ਨਹੀਂ ।

ਪ੍ਰੋਹਿਤ : (ਹੈਰਾਨੀ ਨਾਲ) ਇਹ ਮੈਂ ਕੀ ਸੁਣਦਾ ਹਾਂ ? ਵਿਸ਼ਵਾਸ ਨਹੀਂ ਹੁੰਦਾ । ਜੇਕਰ ਇਹ ਗੱਲਾਂ ਸੱਚੀਆਂ ਹਨ ਤਾਂ ਮੈਨੂੰ ਇਕ ਵਾਰੀ ਮੁੜ ਕੇ ਧਰਮ ਸ਼ਾਸਤਰ ਨੂੰ ਵੇਖਣਾ ਪਵਗਾ । (ਜਾਂਦਾ ਹੈ ।) (ਮਿਹਰ ਦੇਵ ਨਾਲ ਕੋਮਾ ਆਉਂਦੀ ਹੈ ।)

ਧਰੁਵਸਵਾਮਿਨੀ : ਤੁਸੀਂ ਕੌਣ ਹੋ ?

ਕੋਮਾ : ਮੈਂ ਹਾਰੀ ਹੋਈ ਸ਼ਕ-ਜਾਤੀ ਦੀ ਇਕ ਲੜਕੀ ਹਾਂ ।

ਧਰੁਵਸਵਾਮਿਨੀ : ਹੋਰ ?

ਕੋਮਾ : ਤੇ ਮੈਂ ਪਿਆਰ ਕੀਤਾ ਸੀ।

ਧਰੁਵਸਵਾਮਿਨੀ : ਇਸ ਘੋਰ ਅਪਰਾਧ ਦੀ ਤੈਨੂੰ ਕੀ ਸਜ਼ਾ ਮਿਲੀ ?

ਕੋਮਾ: ਉਹੀ; ਜੋ ਔਰਤਾਂ ਨੂੰ ਆਮ ਤੌਰ ਤੇ ਮਿਲਦੀ ਹੈ —ਨਿਰਾਸ਼ਾ ! ਨਿਪੀੜਣ ਤੇ ਮਜ਼ਾਕ ! ਰਾਣੀ, ਮੈਂ ਤੁਹਾਡੇ ਕੋਲੋਂ ਭੀਖ ਮੰਗਣ ਲਈ ਆਈ ਹਾਂ ।

ਧਰੁਵਸ਼ਵਾਮਿਨੀ : ਦੁਸ਼ਮਨਾਂ ਲਈ ਮੇਰੇ ਪਾਸ ਕੁਝ ਨਹੀਂ ਹੈ। ਬਹੁਤ ਹਨ-ਕਰਨ ਤੇ ਸਜ਼ਾ ਮਿਲਣੀ ਵੀ ਅਸੰਭਵ ਨਹੀਂ।

ਮਿਹਰ ਦੇਵ : (ਹਉਕਾ ਲੈਂਦਾ ਹੋਇਆ) ਪਾਗਲ ਲੜਕੀ ! ਹੋ ਚੁੱਕਿਆ । ਹੁਣ ਵੀ ਤੂੰ ਨਹੀਂ ਹਿਲੇਂਗੀ। (ਕੋਮਾ ਸਿਰ ਝੁਕਾ ਲੈਂਦੀ ਹੈ।)

ਮੰਦਾਕਿਨੀ : ਤੂੰ ਚਾਹੁੰਦੀ ਕੀ ਹੈਂ ?

ਕੋਮਾ : ਰਾਣੀ ! ਤੁਸੀਂ ਵੀ ਔਰਤ ਹੋ। ਕੀ ਔਰਤ ਦੀ ਪੀੜ ਨਹੀਂ ਪਛਾਣੋਗੇ ? ਅੱਜ ਤੁਹਾਡੀ ਵਿਜੈ ਦਾ ਹਨ੍ਹੇਰਾ ਤੁਹਾਡੇ ਸਦੀਵੀ ਇਸਤ੍ਰੀਤਵ ਨੂੰ ਕੱਜ ਲਵੇ, ਪਰ ਸੱਭ ਦੇ ਜੀਵਨ 'ਚ ਇਕ ਵਾਰ ਪਿਆਰ ਦੀ ਦੀਵਾਲੀ ਜਗਦੀ ਹੈ । ਜ਼ਰੂਰ ਜਗੀ ਹੋਵੇਗੀ । ਤੁਹਾਡੇ ਜੀਵਨ ਵਿਚ ਵੀ ਉਹ ਪ੍ਰਕਾਸ਼ ਦਾ ਮਹਾਂ-ਉਤਸਵ ਆਇਆ ਹੋਵੇਗਾ, ਜਿਸ ਵਿਚ ਹਿਰਦਾ ਹਿਰਦੇ ਨੂੰ ਜਾਨਣ ਦੀ ਕੋਸ਼ਿਸ਼ ਕਰਦਾ ਹੈ, ਉਦਾਰ ਬਣਦਾ ਹੈ ਤੇ ਸਭ ਕੁਝ ਅਰਪਣ ਕਰਨ ਦਾ ਉਤਸ਼ਾਹ ਰਖਦਾ ਹੈ। ਮੈਨੂੰ ਸ਼ਕਰਾਜ ਦੀ ਲੋਥ ਚਾਹੀਦੀ ਹੈ ।

ਧਰੁ ਵਸਵਾਮਿਨੀ : (ਵਿਚਾਰ ਕੇ) ਸੜ ! ਪਿਆਰ ਦੇ ਨਾਂ ਤੇ ਸੜਨਾ ਚਾਹੁੰਦੀ ਹੈਂ ਤਾਂ ਤੂੰ ਉਸ ਲੱਥ ਨੂੰ ਲਿਜਾ ਕੇ ਸੜ ਜਾ । ਜੀਉਂਦੇ-ਜੀ, ਪ੍ਰਤੀਤ ਹੁੰਦਾ ਹੈ, ਤੈਨੂੰ ਕਾਫ਼ੀ ਸੀਤਲਤਾ ਮਿਲ ਚੁਕੀ ਹੈ । ਤੇਰਾ ਜੀਵਨ ਜ਼ਰੂਰ ਹੀ ਧੰਨ ਹੈ । (ਸੈਨਿਕ ਨੂੰ) ਇਸ ਨੂੰ ਲੈ ਜਾਣ ਦਿਉ ।

(ਕੋਮਾ ਜਾਂਦੀ ਹੈ ।)

ਮੰਦਾਕਿਨੀ : ਔਰਤਾਂ ਦੀ ਇਸ ਕੁਰਬਾਨੀ ਦਾ ਵੀ ਕੋਈ ਮੁੱਲ ਨਹੀਂ । ਕਿੰਨੀ ਨਿਆਸਰੀ ਦਸ਼ਾ ਹੈ । ਆਪਣੇ ਕਮਜ਼ੋਰ ਤੇ ਆਸਰਾ ਲੱਭਣ ਵਾਲੇ ਹੱਥਾਂ ਨਾਲ ਇਹ ਪੁਰਖ ਦੇ ਪੈਰਾਂ ਨੂੰ ਫੜਦੀਆਂ ਹਨ ਤੇ ਉਹ ਸਦਾ ਹੀ ਇਨ੍ਹਾਂ ਨੂੰ ਨਿਰਾਦਰ, ਘਿਰਣਾਂ ਤੇ ਦੁਰਦਸ਼ਾ ਦੀ ਭੀਖ ਦੇ ਕੇ ਉਪਕਾਰੀ ਬਣਦਾ ਹੈ । ਤਦ ਵੀ ਇਹ ਬਾਉਲੀ ਉਸ ਨੂੰ ਮੰਨਦੀ ਹੈ ?

ਧਰੁਵਸਵਾਮਿਨੀ : ਭੁੱਲ ਹੈ, ਭਰਮ ਹੈ । (ਰੁਕ ਕੇ), ਪਰ ਉਸ ਦਾ ਕਾਰਣ ਵੀ ਹੈ । ਪਰਾਧੀਨਤਾ ਦੀ ਇਕ ਪਰੰਪਰਾ ਜਿਹੀ ਉਨ੍ਹਾਂ ਦੀ ਨੱਸ-ਨੱਸ 'ਚ, ਉਨ੍ਹਾਂ ਦੀ ਚੇਤਨਾਂ 'ਚ ਪਤਾ ਨਹੀਂ ਕਿਸ ਯੁਗ ਤੋਂ ਧੱਸ ਗਈ ਹੈ । ਉਨ੍ਹਾਂ ਨੂੰ ਸਮਝ ਕੇ ਵੀ ਭੁੱਲ ਕਰਨੀ ਪੈਂਦੀ ਹੈ । ਕੀ ਉਹ ਮੇਰੀ ਭੁੱਲ ਨਹੀਂ ਸੀ ਜਦ ਮੈਨੂੰ ਦੇਸ਼-ਨਿਕਾਲਾ ਮਿਲਿਆ, ਤਦ ਮੈਂ ਆਪਣੀ ਆਤਮ-ਮਰਿਆਦਾ ਦੇ ਲਈ ਕਿੱਡੀ ਤਕੜੀ ਸਾਂ ਤੇ ਮਹਾਰਾਜ ਰਾਮ ਗੁਪਤ ਦੇ ਚਰਨਾਂ ਤੇ ਰਖਿਆ ਲਈ ਹਾੜੇ ਕੱਢੇ ਸਨ, ਪਰ ਕੋਈ ਗੱਲ ਸਿਰੇ ਚੜ੍ਹੀ ? ਨਹੀਂ ! ਪੁਰਖਾਂ ਦੀ ਪ੍ਰਭੁਤਾ ਦਾ ਜਾਲ ਮੈਨੂੰ ਆਪਣੇ ਮਿੱਥੇ ਰਾਹ ਤੇ ਲੈ ਹੀ ਆਇਆ । ਮੰਦਾ ! ਕਿਲ੍ਹੇ ਦੀ ਜਿੱਤ ਮੇਰੀ ਸਫ਼ਲਤਾ ਹੈ ਜਾਂ ਮੇਰਾ ਦੁਰਭਾਗ; ਇਹ ਮੈਂ ਸਮਝਣ ਤੋਂ ਅਸਮਰਥ ਹਾਂ। ਰਾਜਾ ਦੇ ਮੈਂ ਮੱਥੇ ਨਹੀਂ ਲਗਣਾ ਚਾਹੁੰਦੀ ।

ਧਰਤੀ ਦੀ ਛਾਤੀ ਪਾੜ ਕੇ ਜਿਵੇਂ ਇਕ ਨਫ਼ਰਤ ਦੀ ਦੇਵੀ ਨਿਕਲ ਕੇ ਮੈਨੂੰ ਆਪਣੇ ਪਿੱਛੇ ਵਾਪਸ ਆਉਣ ਲਈ ਇਸ਼ਾਰਾ ਕਰਦੀ ਹੈ । ਕਿਉਂ ? ਕੀ ਇਹ ਮੇਰੇ ਮੰਨ ਦਾ ਪਾਪ ਹੈ ? ਕੀ ਮੈਂ ਮਾਨਸਿਕ ਪਾਪ ਕਰ ਰਹੀ ਹਾਂ ? (ਪਾਗਲਾਹਾਰ ਚਲੀ ਜਾਂਦੀ ਹੈ ।)

ਮੰਦਾਕਿਨੀ: ਇਸਤ੍ਰੀ ਹਿਰਦਾ, ਜਿਸ ਦੇ ਮੱਧ-ਨਿਸ਼ਾਨ ਤੋ ਂ ਖਿਸਕ ਕੇ ਸ਼ਾਸਤਰ ਦਾ ਇਕ ਮੰਤਰ ਕਿਲ੍ਹ ਦੀ ਤਰ੍ਹਾਂ ਖੁੱਭ ਗਿਆ ਹੈ ਤੇ ਉਸ ਨੂੰ ਆਪਣੇ ਸਿੱਧੇ ਘੁੰਮਣ-ਚੱਕਰ 'ਚ ਘੁੰਮਣ ਤੋਂ ਰੋਕਦਾ ਹੈ । ਸੱਚਮੁਚ ਹੀ ਉਹ ਕੁਮਾਰ-ਚੰਦਰ ਗੁਪਤ ਦੇ ਪਿਆਰ 'ਚ ਡੁੱਬੀ ਪਈ ਹੈ ।

ਚੰਦਰ ਗੁਪਤ : (ਅਚਾਨਕ ਆ ਕੇ) ਕੌਣ ? ਮੰਦਾ ।

ਮੰਦਾਕਿਨੀ : ਉਹ ਕੁਮਾਰ ! ਅਜੇ ਥੜ੍ਹਾ ਜਿਹਾ ਆਰਾਮ ਕਰਦੇ ।

ਚੰਦਰ ਗੁਪਤ : (ਬੈਠਦਾ ਹੋਇਆ) ਆਰਾਮ ? ਮੈਨੂੰ ਆਰਾਮ ਕਿੱਥੇ ? ਮੈਂ ਹੁਣੇ ਹੀ ਇਥੋਂ ਜਾਣ ਵਾਲਾ ਹਾਂ । ਮੇਰਾ ਕਰਤੱਵ ਪੂਰਣ ਹੋ ਚੁਕਿਆ ਹੈ । ਇਥੇ ਮੇਰਾ ਠਹਿਰਣਾ ਚੰਗਾ ਨਹੀਂ ।

ਮੰਦਾਕਿਨੀ : ਪਰ, ਭਾਬੀ ਦੀ ਜੋ ਬੁਰੀ ਦਸ਼ਾ ਹੈ ।

ਚੰਦਰ ਗੁਪਤ: ਕਿਉਂ, ਉਸ ਨੂੰ ਕੀ ਹੋਇਆ ਹੈ ? (ਮੰਦਾਕਿਨੀ ਚੁੱਪ ਰਹਿੰਦੀ ਹੈ ।) ਬੋਲ, ਮੇਰੇ ਪਾਸ ਵਿਹਲ ਨਹੀਂ ਹੈ । ਮਹਾਰਾਜ ਦੇ ਮੱਥੇ ਲਗਦਿਆਂ ਹੀ ਕੀ ਹੋ ਜਾਵੇਗਾ, ਮੈਂ ਕਹਿ ਨਹੀਂ ਸਕਦਾ। ਕਿਉਂਕਿ ਹੁਣ ਮੈਂ ਇਹ ਰਾਜਨੀਤਿਕ ਛੱਲ-ਕਪਟ ਸਹਿਣ ਨਹੀਂ ਕਰ ਸਕਦਾ ।

ਮੰਦਾਕਿਨੀ : ਪਰ ਕੀ, ਉਨ੍ਹਾਂ ਨੂੰ ਬੇ-ਸਹਾਰਾ ਛੱਡ ਕੇ ਤੁਹਾਡਾ ਜਾਣਾ ਉਚਿਰ ਹੈ ? ਤੇ ਹੋਰ (ਚੁੱਪ ਹੋ ਜਾਂਦੀ ਹੈ ।)

ਚੰਦਰ ਗੁਪਤ : ਤੇ ਹੋਰ ਕੀ ? ਉਹ ਕਿਉਂ ਨਹੀਂ ਕਹਿੰਦੀ ?

ਮੰਦਾਕਿਨੀ : ਤੇ ਕੀ ਉਹ ਵੀ ਕਹਿਣਾ ਪਵੇਗਾ ? ਮਹਾਦੇਵੀ ਬਣਨ ਤੋਂ ਪਹਿਲਾਂ ਧਰੁਵਸਵਾਮਿਨੀ ਦੀ ਜੋ ਮਨਸ਼ਾ ਸੀ, ਉਹ ਕੀ ਤੁਹਾਡੇ ਤੋਂ ਲੁਕੀ ਹੈ ?

ਚੰਦਰ ਗੁਪਤ : ਪਰ ਮੰਦਾਕਿਨੀ ! ਉਸ ਦੀ ਚਰਚਾ ਕਰਨ ਦਾ ਹੁਣ ਕੀ ਲਾਭ ?

ਮੰਦਾਕਿਨੀ : ਹਿਰਦੇ 'ਚ ਇਖਲਾਕੀ ਹਿੰਮਤ, ਵਾਸਤਵਿਕ ਪ੍ਰੇਰਨਾ ਤੇ ਮਰਦਾਉਪਣ ਦੀ ਆਵਾਜ਼ ਨੂੰ ਇਕੱਤਰ ਕਰ ਕੇ ਵਿਚਾਰ ਤਾਂ ਕਰੋ ਕੁਮਾਰ, ਕਿ ਹੁਣ ਤੁਹਾਨੂੰ ਕੀ ਕਰਨਾ ਚਾਹੀਦਾ ਹੈ ? (ਚੰਦਰ ਗੁਪਤ ਫ਼ਿਕਰਮੰਦ ਹੋ ਕੇ ਟਹਿਲਦਾ ਹੈ । ਪਿਛੋਕੜ 'ਚੋਂ ਕੁਝ ਲੋਕਾਂ ਦੇ ਆਉਣ-ਜਾਣ ਦੀ ਆਵਾਜ਼ ਤੇ ਸ਼ੋਰ ਹੁੰਦਾ ਹੈ ।) ਵੇਖਾਂ ਤਾਂ ਸਹੀ, ਇਹ ਕੀ ਹੈ ਤੇ ਮਹਾਦੇਵੀ ਕਿੱਥੇ ਗਈ ਹੈ? (ਜਾਂਦੀ ਹੈ ।)

ਚੰਦਰ ਗੁਪਤ : ਕਿਸਮਤ ਦੀ ਸਿਆਹੀ ਦਾ ਇਕ ਤੁਪਕਾ ਡਿਗ ਕੇ ਭਾਗਾਂ ਦੀ ਲਿਖੀ ਤੇ ਕਾਲਾ ਧੱਬਾ ਪਾ ਦੇਂਦਾ ਹੈ । ਮੈਂ ਅੱਜ ਇਹ ਸਵੀਕਾਰ ਕਰਨ ਦਾ ਵੀ ਹੀਆ ਨਹੀਂ ਕਰਦਾ ਕਿ ਧਰੁਵ ਦੇਵੀ ਮਰੀ ਹੈ (ਰੁਕ ਕੇ) ਹਾਂ, ਉਹ ਮੇਰੀ ਹੈ, ਉਸ ਨੂੰ ਮੈਂ ਸ਼ੁਰੂ ਤੋਂ ਹੀ ਆਪਣੀ ਸੰਪੂਰਣ ਭਾਵਨਾ ਨਾਲ ਪਿਆਰ ਕੀਤਾ ਹੈ । ਮੇਰੇ ਦਿਲ ਦੀਆਂ ਡੂੰਘਾਈਆਂ 'ਚੋਂ ਨਿਕਲੀ ਇਹ ਮੂਕ-ਸਵੀਕ੍ਰਿਤੀ ਅੱਜ ਬੋਲ ਰਹੀ ਹੈ । ਮੈਂ ਪੁਰਖ ਹਾਂ ? ਨਹੀਂ ! ਮੈਂ ਆਪਣੀਆ ਅੱਖਾਂ ਨਾਲ ਆਪਣੇ ਰਾਜ-ਭਾਗ ਤੇ ਅਧਿਕਾਰ ਨੂੰ ਅਨਿਆਂ- ਪੂਰਵਕ ਦੂਜਿਆਂ ਵਲੋਂ ਖੋਹੇ ਜਾਂਦੇ ਵੇਖਦਾ ਹਾਂ, ਤੇ ਮੇਰੀ ਮੰਗ ਮੇਰੀ ਹੀ ਉਤਸ਼ਾਹ-ਹੀਣਤਾ ਕਾਰਣ ਅੱਜ ਮੇਰੀ ਨਹੀਂ ਰਹੀ। ਨਹੀਂ; ਇਹ ਸ਼ੀਲ ਦਾ ਧੋਖਾ ਹੈ, ਮੋਹ ਹੈ ਤੇ ਛਲ ਹੈ । ਮੈਂ ਜ ਕੁਝ ਹਾਂ ਉਸੇ ਨੂੰ ਹੀ ਤਾਂ ਸਪੱਸ਼ਟ ਰੂਪ ਨਹੀਂ ਦੇ ਸਕਿਆ। ਇਹ ਕਿਹਾ ਮਜ਼ਾਕ ਹੈ ਮੇਰੇ ਨਾਲ ! ਮੇਰੀ ਕਾਇਰਤਾ ਨਿੰਮਰਤਾ ਦੇ ਪਰਦੇ 'ਚ ਆਪਣੇ ਆਪ ਨੂੰ ਕੱਦ ਤਕ ਲੁਕਾ ਸਕੇਗੀ ?

(ਇਕ ਪਾਸਿਉਂ ਮੰਦਾਕਿਨੀ ਆਉਂਦੀ ਹੈ!)

ਮੰਦਾਕਿਨੀ : ਸ਼ਕਰਾਜ ਦੀ ਲੋਥ ਨੂੰ ਲਿਜਾਂਦਿਆਂ ਹੋਇਆਂ ਅਚਾਰੀਆ ਤੇ ਉਸ ਦੀ ਬੇਟੀ ਨੂੰ ਮਹਾਰਾਜ ਦੇ ਸਾਥੀ ਸੈਨਿਕਾਂ ਨੇ ਖ਼ਤਮ ਕਰ ਦਿਤਾ ਹੈ ।

ਧਰੁਵਸਵਾਮਿਨੀ : (ਦੂਜੇ ਪਾਸਿਓਂ ਆਉਂਦੀ ਹੋਈ) ਹੈਂ......! (ਜਵਾਨ ਸਰਦਾਰ ਆਉਂਦੇ ਹਨ।)

ਜਵਾਨ ਸਰਦਾਰ : (ਸਾਰੇ ਇਕ ਵਾਰੀ) ਮਾਲਕਿਨ ! ਆਪ ਜੀ ਦੀ ਆਗਿਆ ਦੇ ਵਿਰੁੱਧ ਮਹਾਰਾਜ ਨੇ ਬੇਕਸੂਰ ਸ਼ਕਾਂ ਦੇ ਲਹੂ ਨਾਲ ਹੱਥ ਰੰਗੇ ਹਨ ।

ਧਰੁਵਸਵਾਮਿਨੀ : ਫੇਰ ਤੁਸੀਂ ਲੋਕ ਇਤਨੇ ਅਧੀਰ ਕਿਉਂ ਹੋ? ਰਾਜਾ ਨੂੰ ਆਗਿਆ ਦੇਣੀ ਚਾਹੀਦੀ ਹੈ ਤੇ ਪਰਜਾ ਨੂੰ ਬਿਨਾਂ ਹੀਲ-ਹੁੱਜਤ ਕੀਤੇ ਉਸ ਨੂੰ ਮੰਨਣਾ ਹੋਵੇਗਾ ।

ਜਵਾਨ ਸਰਦਾਰ : ਪਰ ਹੁਣ ਇਹ ਅਸਹਿ ਹੈ । ਰਾਜ-ਸ਼ਕਤੀ ਦੇ ਅਸਤਿਤਵ ਦੀ ਘੋਸ਼ਣਾ ਲਈ ਇੱਡਾ ਵੱਡਾ ਪ੍ਰਦਰਸ਼ਨ । ਮੈਂ ਤਾਂ ਕਹਾਂਗਾ ਕਿ ਇਸ ਕਿਲ੍ਹੇ 'ਚ ਆਪ ਜੀ ਦੀ ਆਗਿਆ ਤੋਂ ਬਿਨਾਂ ਮਹਾਰਾਜ ਦਾ ਆਉਣਾ ਅਨਿਆ ਹੈ ।

ਧਰੁਵਸਵਾਮਿਨੀ : ਮੇਰੇ ਬਹਾਦੁਰ ਸਹਾਇਕੋ ! ਮੈਂ ਤਾਂ ਆਪ ਹੀ ਇਕ ਛੁੱਟੜ ਤੇ ਬਦਕਿਸਮਤ ਨਾਰੀ ਹਾਂ । ਮੈਨੂੰ ਤਾਂ ਆਪਣੀ ਹਾਲਤ ਦੀ ਕਲਪਣਾ ਕਰ ਕੇ ਹੀ ਦੁੱਖ ਹੋ ਰਿਹਾ ਹੈ, ਮੈਂ ਕੀ ਕਹਾਂ ?

ਜਵਾਨ ਸਰਦਾਰ : ਮੈਂ ਸੱਚ ਕਹਿੰਦਾ ਹਾਂ, ਰਾਮ ਗੁਪਤ ਜਿਹੇ ਰਾਜ਼ ਪੱਦ ਨੂੰ ਕਲੰਕਿਤ ਕਰਨ ਵਾਲੇ ਲਈ ਮੇਰੇ ਹਿਰਦੇ 'ਚ ਰਤੀ ਭਰ ਵੀ ਸ਼ਰਧਾ ਨਹੀਂ । ਵਿਜੈ ਦਾ ਉਤਸ਼ਾਹ ਵਿਖਾਉਣ ਲਈ ਉਹ ਇੱਥੇ ਕਿਵੇਂ ਆਏ, ਜਿਹੜਾ ਹਿੰਸਕ, ਪਾਖੰਡੀ, ਮਤਵਾਲਾ ਕੇ ਨਪੁੰਸਕ ਹੈ ।

ਰਾਮ ਗੁਪਤ : (ਅਚਾਨਕ ਸ਼ਿਖ਼ਰ ਸਵਾਮੀ ਦੇ ਨਾਲ ਆ ਜਾਂਦਾ ਹੈ ।) ਕੀ ਕਿਹਾ ? ਫੇਰ ਤੋਂ ਤਾਂ ਕਹਿਣਾ !

ਜਵਾਨ ਸਰਦਾਰ : ਗੁਪਤ ਕਾਲ ਦੇ ਗੌਰਵ ਨੂੰ ਕਲੰਕ ਦੀ ਕਾਲਖ ਦੇ ਸਮੁੰਦਰ 'ਚ ਡੋਬਣ ਵਾਲੇ!

ਸ਼ਿਖ਼ਰਸਵਾਮੀ : (ਉਸ ਨੂੰ ਵਿਚੋਂ ਹੀ ਰੋਕ ਕੇ) ਚੁੱਪ ਰਹੁ ! ਕੀ ਤੁਸੀਂ ਲੋਕ ਕਿਸੇ ਦੇ ਵਰਗਲਾਉਣ ਨਾਲ ਗੁੱਸੇ 'ਚ ਆ ਗਏ ਹੋ ? (ਚੰਦਰ ਗੁਪਤ ਵੱਲ ਵੇਖ ਕੇ) ਕੁਮਾਰ! ਇਹ ਕੀ ਹੋ ਰਿਹਾ ਹੈ? (ਚੰਦਰ ਗੁਪਤ ਉੱਤਰ ਦੇਣ ਦੀ ਕੋਸ਼ਿਸ਼ ਕਰਦਾ ਹੈ, ਪਰ ਚੁੱਪ ਰਹਿ ਜਾਂਦਾ ਹੈ ।)

ਰਾਮ ਗੁਪਤ : ਅਸ਼ਿਸਟ, ਪਾਖੰਡੀ, ਨੀਚੋ ! ਤੁਹਾਨੂੰ ਇਸ ਢੀਠਤਾ ਦਾ ਕੁਰ ਫਲ ਭੁਗਤਣਾ ਹੀ ਪਵੇਗਾ। (ਪਿੱਛੇ ਬਾਹਰ ਵੱਲ ਵੇਖਕੇ) ਇਨ੍ਹਾ ਵਿਦਰੋਹੀਆਂ ਨੂੰ ਕੈਦ ਕਰੋ ।

(ਰਾਮ ਗੁਪਤ ਦੇ ਸੈਨਿਕ ਆ ਕੇ ਜਵਾਨ-ਸਰਦਾਰਾਂ ਨੂੰ ਕੈਦ ਕਰਦੇ ਹਨ । ਰਾਮ ਗੁਪਤ ਦਾ ਇਸ਼ਾਰਾ ਪਾ ਕੇ ਸੈਨਿਕ ਚੰਦਰ ਗੁਪਤ ਵਲ ਵਧਦੇ ਹਨ ਤੇ ਚੰਦਰ ਗੁਪਤ ਬੇੜੀਆਂ ਅੰਦਰ ਜਕੜਿਆ ਜਾਂਦਾ ਹੈ ।

ਧਰੁਵਸਵਾਮਿਨੀ : ਕੁਮਾਰ ! ਮੈਂ ਕਹਿੰਦੀ ਹਾਂ ਕਿ ਤੁਸੀਂ ਇਸ ਦਾ ਵਿਰੋਧ ਕਰੋ । ਕਿਸ ਅਪਰਾਧ ਲਈ ਇਹ ਸਜ਼ਾ ਭੁਗਤਣ ਲਗੇ ਹੋ ? (ਚੰਦਰ ਗੁਪਤ ਇਕ ਡੂੰਘਾ ਸਾਹ ਲੈਂਦਾ ਹੈ ਤੇ ਚੁੱਪ ਰਹਿ ਜਾਂਦਾ ਹੈ ।)

ਰਾਮ ਗੁਪਤ : (ਹੱਸ ਕੇ) ਸਾਜ਼ਿਸ਼ ਕਰਨ ਵਾਲੇ ਕੀ ਬੋਲਣਗੇ ?

ਧਰੁਵਸਵਾਮਿਨੀ : ਤੇ ਜਿਹੜੇ ਲੋਕ ਬੋਲ ਸਕਦੇ ਹਨ, ਜਿਹੜੇ ਆਪਣੀ ਪਵਿਤਰਤਾ ਦਾ ਢੋਲ ਵਜਾਉਂਦੇ ਹਨ, ਉਹ ਸਾਰੇ ਹੀ ਸਾਧੂ ਹੁੰਦੇ ਹਨ ਨਾ ? (ਚੰਦਰ ਗੁਪਤ ਨੂੰ) ਕੁਮਾਰ! ਤੁਹਾਡੀ ਜ਼ਬਾਨ ਤੇ ਕੋਈ ਰੋਕ ਨਹੀਂ । ਕਹਿੰਦੇ ਕਿਉਂ ਨਹੀਂ ਕਿ ਮੇਰਾ ਇਹੀ ਅਪਰਾਧ ਹੈ ਕਿ ਮੈਂ ਕੋਈ ਅਪਰਾਧ ਨਹੀਂ ਕੀਤਾ ?

ਰਾਮ ਗੁਪਤ : ਮਹਾਦੇਵੀ !

ਧਰੁਵਸਵਾਮਿਨੀ : (ਉਸ ਵੱਲ ਧਿਆਨ ਨਾ ਦਿੰਦੀ ਹੋਈ ਚੰਦਰ ਗੁਪਤ ਨੂੰ) ਤੋੜ ਦੇ ਇਨ੍ਹਾਂ ਲੋਹੇ ਦੀਆਂ ਜ਼ੰਜੀਰਾਂ ਨੂੰ । ਇਹ ਝੂਠਾ ਫ਼ਰੇਬ ਕੋਈ ਨਹੀਂ ਸਹੇਗਾ, ਤੇਰਾ ਕ੍ਰੋਧੀ ਦੁਰਭਾਗ ਵੀ ।

ਰਾਮ ਗੁਪਤ : (ਡਾਂਟ ਕੇ) ਮਹਾਦੇਵੀ ! ਚੁੱਪ ਰਹੋ ।

ਧਰੁਵਸਵਾਮਿਨੀ : (ਪ੍ਰਭਾਵੀ ਆਵਾਜ਼ ਨਾਲ) ਕੌਣ ਮਹਾਦੇਵੀ ! ਰਾਜਾ, ਕੀ ਹੁਣ ਵੀ ਮੈਂ ਮਹਾਦੇਵੀ ਹੀ ਹਾਂ ? ਜਿਹੜੀ ਸ਼ਕਰਾਜ ਦੇ ਭੋਗ ਲਈ ਖ਼ਰੀਦੀ ਹੋਈ ਦਾਸੀ ਦੀ ਤਰ੍ਹਾਂ ਭੇਜੀ ਗਈ ਹੋਵੇ, ਉਹ ਵੀ ਮਹਾਦੇਵੀ ! ਹੈਰਾਨੀ !

ਸ਼ਿਖ਼ਰਜਵਾਮੀ : ਦੇਵੀ ! ਇਸ ਰਾਜਨੀਤਿਕ ਚਤੁਰਾਈ ਵਿਚ ਜਿਹੜੀ ਸਫ਼ਲਤਾ...

ਧਰੁਵਸਵਾਮਿਨੀ : (ਪੈਰ ਗੁਸੇ ਨਾਲ ਸੁੱਟ ਕੇ) ਚੁਪ ਰਹੁ ! ਧੋਖੇਬਾਜ਼ ! ਸਵਾਰਥੀ, ਘਿਰਣਾ ਦੇ ਪੁਤਲੇ ਚੁੱਪ ਰਹੋ !

ਰਾਮ ਗੁਪਤ : ਤਾਂ ਤੂੰ ਮਹਾਦੇਵੀ ਨਹੀਂ ਹੈਂ ਨਾਂ ?

ਧਰੁਵਸਵਾਮਿਨੀ : ਨਹੀਂ । ਮਨੁੱਖ ਦੀ ਦਿਤੀ ਉਪਾਧੀ ਮੈਂ ਵਾਪਿਸ ਕਰਦੀ ਹਾਂ ।

ਰਾਮ ਗੁਪਤ : ਤੇ ਮੇਰੀ ਸਹਿ-ਧਰਮਿਨੀ ?

ਧਰੁਵਸਵਾਮਿਨੀ : ਧਰਮ ਹੀ ਇਸ ਦਾ ਨਿਰਣਾ ਕਰੇਗਾ ।

ਰਾਮ ਗੁਪਤ : ਹੈਂ...ਕੀ ਇਸ ਵਿਚ ਵੀ ਸ਼ੱਕ ਹੈ ?

ਧਰੁਵਸਵਾਮਿਨੀ : ਉਸ ਨੂੰ ਆਪਣੇ ਅੰਦਰੋਂ ਪੁੱਛੋ ਕਿ ਕੀ ਮੈਂ ਵਾਸਤਵ ਵਿਚ ਸਹਿ-ਧਰਮਿਨੀ ਹਾਂ ? (ਪ੍ਰੋਹਿਤ ਆਉਂਦਾ ਹੈ । ਸਾਰਿਆਂ ਨੂੰ ਸਾਮ੍ਹਣੇ ਵੇਖ ਕੇ ਠਠੰਬਰ ਜਾਂਦਾ ਹੈ । ਸ਼ਿਖ਼ਰਸਵਾਮੀ ਉਸ ਨੂੰ ਜਾਣ ਦਾ ਇਸ਼ਾਰਾ ਕਰਦਾ ਹੈ ।)

ਪ੍ਰੋਹਿਤ : ਨਹੀਂ; ਮੈਂ ਨਹੀਂ ਜਾਵਾਂਗਾ । ਹਰ ਪ੍ਰਾਣੀ ਦੇ ਅੰਦਰ ਜਾਗ੍ਰਿਤ ਰਹਿਣ ਵਾਲੇ, ਮਹਾਨ ਵਿਚਾਰਕ ਦੀ ਆਗਿਆ, ਮੈਂ ਟਾਲ ਨਹੀਂ ਸਕਾਂਗਾ । ਹੁਣ ਜਿਹੜਾ ਪ੍ਰਸ਼ਨ ਆਪਣੀ ਗੰਭੀਰਤਾ ਕਾਰਣ ਤੁਹਾਡੇ ਸਾਹਮਣੇ ਭਿਆਨਕ ਰੂਪ-ਧਾਰੀ ਤੁਹਾਨੂੰ ਲੋਕਾਂ ਨੂੰ ਵੰਗਾਰਦਾ ਹੈ, ਮੈਂ ਹੀ ਉਸ ਦਾ ਉੱਤਰ ਦੇਣ ਦਾ ਅਧਿਕਾਰੀ ਹਾਂ । ਵਿਆਹ ਦਾ ਧਰਮ ਸ਼ਾਸਤਰ ਨਾਲ ਗਹਿਰਾ ਸੰਬੰਧ ਹੈ ।

ਧਰੁਵਸਵਾਮਿਨੀ : ਤੁਸੀ ਸੱਤਵਾਦੀ-ਬ੍ਰਾਹਮਣ ਹੋ । ਕ੍ਰਿਪਾ ਕਰ ਕੇ ਦਸੋ............।

ਸ਼ਿਖਰਸਵਾਮੀ : (ਨਿਮਰਤਾ ਪੂਰਵਕ ਉਸ ਨੂੰ ਰੋਕ ਕੇ) ਮੈਂ ਸਮਝਦਾ ਹਾਂ ਕਿ ਇਸ ਝਗੜੇ ਨੂੰ ਹੋਰ ਵਧਾਉਣ ਦਾ ਕੋਈ ਲਾਭ ਨਹੀਂ ।

ਧਰੁਵਸਵਾਮਿਨੀ : ਨਹੀਂ, ਮੇਰੀ ਇੱਛਾ ਇਸ ਝਗੜੇ ਨੂੰ ਖ਼ਤਮ ਕਰਨ ਦੀ ਹੈ। ਅੱਜ ਇਹ ਨਿਰਣਾ ਹੋ ਹੀ ਜਾਣਾ ਚਾਹੀਦਾ ਹੈ ਕਿ ਮੈਂ ਕੌਣ ਹਾਂ।

ਰਾਮ ਗੁਪਤ : ਧਰੁਵਸਵਾਮਿਨੀ, ਬੇਸ਼ਰਮੀ ਦੀ ਵੀ ਕੋਈ ਹੱਦ ਹੁੰਦੀ ਹੈ ।

ਧਰੁਵਸਵਾਮਿਨੀ : ਮੇਰੀ ਬੇਸ਼ਰਮੀ ਲਈ ਜੁੰਮੇਵਾਰ ਹੈ ਨਪੁੰਸਕ ਤੇ ਕਾਇਰ ਪੁਰਖ ॥ ਔਰਤ ਦੀ ਲੱਜਿਆ ਨੂੰ ਲੁੱਟਣ ਵਾਲੇ ਉਸ ਡਾਕੂ ਦੇ ਲਈ ਮੈਂ...

ਰਾਮ ਗੁਪਤ : (ਰੋਕ ਕੇ) ਚੁੱਪ ਰਹੋ ! ਤੇਰਾ ਪਰਾਏ ਪੁਰਖ ਨਾਲ ਪਿਆਰ ਕਰਨ ਵਾਲਾ ਹਿਰਦਾ ਪਾਪ ਨਾਲ ਬਹੁਤ ਹੀ ਲਿੱਬੜ ਗਿਆ ਹੈ । ਤੂੰ ਕਾਲ-ਸੱਪਣੀ ਜਿਹੀ ਨਾਰ ! ਉਹ, ਤੈਨੂੰ ਧਰਮ ਦਾ ਰੱਤੀ ਵੀ ਭੈ ਨਹੀਂ ! ਸ਼ਿਖ਼ਰ ਇਸ ਨੂੰ ਵੀ ਕੈਦ ਕਰੋ।

ਪ੍ਰੋਹਿਤ : ਰੁਕੋ ! ਮਹਾਰਾਜ ਰੁਕੋ ! ਧਰਮ ਦੀ ਹੀ ਗੱਲ ਮੈਂ ਸੋਚਦਾ ਹਾਂ ।

ਸ਼ਿਖ਼ਰਸਵਾਮੀ : (ਕ੍ਰੋਧ ਨਾਲ) ਮੈਂ ਕਹਿੰਦਾ ਹਾਂ ਕਿ ਤੁਸੀਂ ਚੁੱਪ ਨਹੀਂ ਰਹੋਗੇ, ਤਾਂ ਤੁਹਾਡੀ ਵੀ ਅਜਿਹੀ ਹਾਲਤ ਹੋਵੇਗੀ । (ਸੈਨਿਕ ਅੱਗੇ ਵੱਧਦਾ ਹੈ ।)

ਮੰਦਾਕਿਨੀ : (ਉਸ ਨੂੰ ਰੋਕ ਕੇ) ਮਹਾਰਾਜ ! ਪੁਰਸ਼ਾਰਥ ਦਾ ਇੱਡਾ ਵੱਡਾ ਨਾਟਕ ! ਅਬਲਾ ਤੇ ਅਜਿਹਾ ਅਤਿਆਚਾਰ ! ਇਹ ਗੁਪਤ ਸਮਰਾਟ ਲਈ ਸ਼ੋਭਾ ਨਹੀਂ ਦਿੰਦਾ ।

ਰਾਮ ਗੁਪਤ : (ਸੈਨਿਕ ਨੂੰ) ਕੀ ਵੇਖਦੇ ਹੋ ਜੀ ? (ਸੈਨਿਕ ਅੱਗੇ ਵੱਧਦਾ ਹੈ ਤੇ ਚੰਦਰ ਗੁਪਤ ਗੁੱਸੇ 'ਚ ਆ ਕੇ ਲੋਹੇ ਦੀਆਂ ਹੱਥ-ਕੜੀਆਂ ਤੋੜ ਦਿੰਦਾ ਹੈ । ਸਭ ਹੈਰਾਨੀ ਤੇ ਭੈ ਨਾਲ ਵੇਖਦੇ ਹਨ।)

ਚੰਦਰ ਗੁਪਤ : ਮੈਂ ਵੀ ਆਰੀਆ ਸਮੁੰਦਰ ਗੁਪਤ ਦਾ ਪੁੱਤਰ ਹਾਂ ਤੇ ਸ਼ਿਖ਼ਰ- ਸਵਾਮੀ ! ਤੁਸੀਂ ਇਹ ਚੰਗੀ ਤਰ੍ਹਾਂ ਜਾਣਦੇ ਹੋ ਕਿ ਮੈਂ ਹੀ ਉਨ੍ਹਾਂ ਦੁਆਰਾ ਚੁਣਿਆ ਹੋਇਆ ਯੁਵਰਾਜ ਵੀ ਹਾਂ । ਤੁਹਾਡੀ ਨੀਚਤਾ ਹੁਣ ਅਸਹਿ ਹੈ । ਤੁਸੀਂ ਆਪਣੇ ਰਾਜਾ ਨੂੰ ਲੈ ਕੇ ਇਸ ਕਿਲੇ 'ਚੋਂ ਕੁਸ਼ਲਤਾ ਪੂਰਵਕ ਚਲੇ ਜਾਓ । ਇੱਥੇ ਹੁਣ ਸ਼ੁਕਰਾਜ ਦੇ ਸਾਰੇ ਅਧਿਕਾਰਾਂ ਦਾ ਸਵਾਮੀ ਹਾਂ ।

ਚੰਦਰ ਗੁਪਤ : (ਭੈ-ਭੀਤ ਹੋ ਕੇ ਚੁਪਾਸੀਂ ਵੇਖਦਾ ਹੋਇਆ) ਕੀ ?

ਧਰੁਵਸਵਾਮਿਨੀ : (ਚੰਦਰ ਗੁਪਤ ਨੂੰ) ਇਹੀ ਤਾਂ ਕੁਮਾਰ...।

ਚੰਦਰ ਗੁਪਤ : (ਸੈਨਿਕਾਂ ਨੂੰ ਡਾਂਟ ਕੇ) ਇਨ੍ਹਾਂ ਜਵਾਨ ਸਰਦਾਰਾਂ ਨੂੰ ਮੁਕਤ ਕਰੋ । (ਸੈਨਿਕ ਉਸੇ ਤਰ੍ਹਾਂ ਕਰਦੇ ਹਨ ਤੇ ਸ਼ਿਖ਼ਰਸਵਾਮੀ ਦੇ ਇਸ਼ਾਰੇ ਤੇ ਰਾਮ ਗੁਪਤ ਹੌਲੀ ਹੌਲੀ ਡਰਿਆ ਹੋਇਆ ਪਿੱਛੇ ਹੱਟਦਾ ਹੋਇਆ ਬਾਹਰ ਆ ਜਾਂਦਾ ਹੈ ।)

ਸ਼ਿਖ਼ਰਸਵਾਮੀ : ਕੁਮਾਰ ! ਇਸ ਕਲਹਿ ਨੂੰ ਖ਼ਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਪਰਿਸ਼ਦ ਦਾ ਨਿਰਣਾ ਮੰਨਣਾ ਚਾਹੀਦਾ ਹੈ । ਮੈਨੂੰ ਤੁਹਾਡੇ ਅਧਿਕਾਰ ਨਾਲ ਕੋਈ ਵਿਰੋਧ ਨਹੀਂ, ਪਰ ਸਭ ਕੰਮ ਵਿਧਾਨ ਦੇ ਅਨੁਕੂਲ ਹੋਣੇ ਚਾਹੀਦੇ ਹਨ । ਮੈਂ ਕੁੱਲ ਦੇ ਵੱਡਿਆਂ ਨੂੰ ਤੇ ਸਰਦਾਰਾਂ ਨੂੰ, ਜੋ ਇਥੇ ਹਾਜ਼ਰ ਹਨ, ਲੈਣ ਜਾਂਦਾ ਹਾਂ ।

(ਜਾਂਦਾ ਹੈ ।)

(ਹੋਰ ਵੀ ਸੈਨਿਕ ਸਟੇਜ ਤੇ ਆ ਜਾਂਦੇ ਹਨ ਤੇ ਜਵਾਨ ਸਰਦਾਰ ਆਪਣੀਆਂ ਤਲਵਾਰਾਂ ਖਿੱਚ ਕੇ ਚੰਦਰ ਗੁਪਤ ਦੇ ਪਿੱਛੇ ਖੜੇ ਹੋ ਜਾਂਦੇ ਹਨ । ਧਰੁਵਸਵਾਮਿਨੀ

ਤੇ ਚੰਦਰ ਗੁਪਤ ਇਕ ਦੂਜੇ ਵੱਲ ਤੱਕਦੇ ਹੋਏ ਖੜੇ ਰਹਿੰਦੇ ਹਨ । ਪਰਿਸ਼ਦ ਦੇ ਨਾਲ ਰਾਮ ਗੁਪਤ ਆਉਂਦਾ ਹੈ । ਸਾਰੇ ਲੋਕ ਸਟੇਜ ਤੇ ਬਹਿ ਜਾਂਦੇ ਹਨ ।)

ਪ੍ਰੋਹਿਤ : ਕੁਮਾਰ ! ਆਸਣ ਤੇ ਵਿਰਾਜੋ ।

ਚੰਦਰ ਗੁਪਤ : ਮੈਂ ਅਪਰਾਧੀ ਹਾਂ ।

ਸ਼ਿਖ਼ਰਸਵਾਮੀ : ਬੀਤੀਆਂ ਗੱਲਾਂ ਨੂੰ ਭੁੱਲ ਜਾਣ ਵਿਚ ਹੀ ਭਲਾਈ ਹੈ, ਭਾਈ- ਭਾਈ ਦੀ ਤਰ੍ਹਾਂ ਗੱਲ ਲੱਗ ਕੇ ਗੁਪਤ-ਕੁੱਲ ਦਾ ਗੌਰਵ ਵਧਾਉ ।

ਚੰਦਰ ਗੁਪਤ : ਮੰਤਰੀ, ਤੁਸੀਂ ਗੌਰਵ ਕਿਸ ਨੂੰ ਕਹਿੰਦੇ ਹੋ ? ਉਹ ਹੈ ਕਿਤੇ ? ਰੋਗ-ਨਿਪੀੜੇ ਸ਼ਰੀਰ ਤੇ ਗਹਿਣਿਆਂ ਦੀ ਸਜਾਵਟ; ਮੈਲ ਤੇ ਪਾਪ ਦੀ ਢੇਰੀ ਤੇ ਰੋਲੀ ਤੇ ਕੇਸਰ ਦਾ ਲੇਪ ਗੌਰਵ ਨਹੀਂ ਵਧਾਉਂਦਾ । ਧੋਖੇ ਦੀ ਮੂਰਤੀ, ਬੋਲੋ ! ਮੇਰੀ ਮੰਗ ਤੇ ਮੇਰੇ ਪਿਤਾ ਦੁਆਰਾ ਦਿੱਤੇ ਹੋਏ ਰਾਜ-ਸਿੰਘਾਸਣ ਨੂੰ ਮੇਰੇ ਕੋਲੋਂ ਕਿਸ ਦੇ ਸੰਕੇਤ ਤੇ ਖੋਹਿਆ ਗਿਆ ? ਤੇ ਛੱਲ ਨਾਲ...।

ਰਾਮ ਗੁਪਤ: ਇਹ ਬਕਵਾਸ ਬੰਦ ਕਰੋ । ਚੰਦਰ ਗੁਪਤ ਤੁਸੀਂ ਮੇਰੇ ਭਾਈ ਹੀ ਹੋ ਨਾ, ਮੈਂ ਤੁਹਾਨੂੰ ਖਿਮਾ ਕਰਦਾ ਹਾਂ ।

ਚੰਦਰ ਗੁਪਤ : ਮੈਂ ਉਸ ਨੂੰ ਮੰਗਦਾ ਨਹੀਂ, ਤੇ ਖਿਮਾ ਕਰਨ ਦਾ ਅਧਿਕਾਰ ਵੀ ਤੁਹਾਡੇ ਕੋਲੋਂ ਖੁੱਸ ਚੁਕਾ ਹੈ । ਅੱਜ ਤੁਸੀਂ ਰਾਜਾ ਨਹੀਂ ਹੋ, ਤੁਹਾਡੇ ਪਾਪ ਪਸਚਾਤਾਪ ਦੀ ਮੰਗ ਕਰਦੇ ਹਨ । ਨਿਆਂ ਪੂਰਣ ਨਿਰਣੇ ਲਈ ਉਡੀਕ ਕਰੋ ਤੇ ਅਪਰਾਧੀ ਬਣ ਕੇ ਆਪਣੇ ਅਪਰਾਧਾਂ ਨੂੰ ਸੁਣੋ ।

ਮੰਦਾਕਿਨੀ : (ਧਰੁਵਸਵਾਮਿਨੀ ਨੂੰ ਅੱਗੇ ਖਿੱਚ ਕੇ) ਇਹ ਹੈ ਗੁਪਤ-ਕੁਲ ਦੀ ਬਹੁ ।

ਰਾਮ ਗੁਪਤ: ਮੰਦਾ !

ਮੰਦਾਕਿਨੀ : ਰਾਜਾ ਦਾ ਭੈ, ਮਦਾ ਦਾ ਗਲ ਨਹੀਂ ਘੁੱਟ ਸਕਦਾ । ਤੁਹਾਨੂੰ ਲੋਕਾਂ ਨੂੰ ਜੇਕਰ ਰਤਾ ਵੀ ਅਕਲ ਹੁੰਦੀ ਤਾਂ ਆਪਣੀ ਇਸ ਕੁੱਲ-ਮਰਯਾਦਾ, ਨਾਰੀ ਨੂੰ ਦੁਸ਼ਮਨ ਦੇ ਕਿਲ੍ਹੇ 'ਚ ਇਸ ਤਰ੍ਹਾਂ ਨਾਲ ਭੇਜਦੇ ? ਭਗਵਾਨ ਨੇ ਔਰਤਾਂ ਨੂੰ ਪੈਦਾ ਕਰਦੇ ਹੀ ਅਧਿਕਾਰਾਂ ਤੋਂ ਵੰਚਿਤ ਨਹੀਂ ਕੀਤਾ, ਪਰ ਤੁਹਾਡੇ ਡਾਕੂ ਸੁਭਾਅ ਨੇ ਹੀ ਉਨ੍ਹਾਂ ਨੂੰ

ਲੁੱਟਿਆ ਹੈ। ਇਸ ਪਰਿਸ਼ਦ ਨੂੰ ਮੇਰੀ-ਪ੍ਰਾਰਥਨਾ ਹੈ ਕਿ ਆਰੀਆ ਸਮੁੰਦਰ ਗੁਪਤ ਦਾ ਵਿਧਾਨ ਤੋੜ ਕੇ ਜਿਨ੍ਹਾਂ ਲੋਕਾਂ ਨੇ ਰਾਜ- ਪਾਪ ਕੀਤਾ ਹੈ, ਉਨ੍ਹਾਂ ਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ ।

ਸ਼ਿਖਰਸਵਾਮੀ : ਬਤੂੰ ਕੀ ਕਹਿ ਰਹੀ ਹੈਂ ?

ਮੰਦਾਕਿਨੀ : ਮੈਂ ਤੁਹਾਡੇ ਜਿਹੇ ਕਮੀਨੇ ਲੋਕਾਂ ਦੀ ਕਮੀਨਗੀ ਦੀ ਕਹਾਣੀ ਸੁਣਾ ਰਹੀ ਹਾਂ । ਝੂਠੇ! ਸੁਣ ਨਹੀਂ ਸਕਦੇ ? ਤੁਹਾਡੇ ਧੋਖੇ ਨੇ ਜਿਸ ਨਰਕ ਦੀ ਸ੍ਰਿਸ਼ਟੀ ਕੀਤੀ ਹੈ ਉਸ ਦਾ ਹੁਣ ਭੋਗ ਪੈਣ ਵਾਲਾ ਹੈ । ਇਹ ਸਾਮਰਾਜ ਕਿਸ ਦਾ ਹੈ ? ਆਰੀਆ ਸਮੁੰਦਰ ਗੁਪਤ ਨੇ ਕਿਸ ਨੂੰ ਯੁਵਰਾਜ ਥਾਪਿਆ ਸੀ ? ਚੰਦਰ ਗੁਪਤ ਨੂੰ ਜਾਂ ਇਸ ਨਪੁੰਸਕ ਰਾਮ ਗੁਪਤ ਨੂੰ ? ਜਿਸ ਨੇ ਛੱਲ-ਬਲ ਰਾਹੀਂ ਇਸ ਔਰਤ ਨਾਲ ਫੇਰੇ ਲੈ ਕੇ ਵੀ ਦੂਜੇ ਪੁਰਖ ਨਾਲ ਪਿਆਰ ਕਰਨ ਵਾਲੀ ਕਹਿ ਕੇ ਸਜ਼ਾ ਦੇਣ ਦੀ ਆਗਿਆ ਦਿਤੀ । ਉਹੀ ਰਾਮ ਗੁਪਤ, ਜਿਸ ਨੇ ਕਾਇਰਾਂ ਦੀ ਤਰ੍ਹਾਂ ਇਸ ਇਸਤਰੀ ਨੂੰ ਦੁਸ਼ਮਣ ਦੇ ਕਿਲੇ 'ਚ ਬਿਨਾਂ ਵਿਰੋਧ ਕੀਤੇ ਭੇਜ ਦਿੱਤਾ ਸੀ, ਤੁਹਾਡੇ ਗੁਪਤ ਸਾਮਰਾਜ ਦਾ ਸਮਰਾਟ ਹੈ ! ਤੇ ਇਹ ਧਰੁਵਸਵਾਮਿਨੀ ! ਜਿਸ ਨੂੰ ਕੁਝ ਦਿਨਾਂ ਲਈ ਤੁਸੀਂ ਮਹਾਦੇਵੀ ਦਾ ਨਾਂ ਦੇ ਕੇ ਸਨਮਾਨਿਆ ਸੀ, ਕੀ ਹੈ ? ਕੌਣ ਹੈ ? ਤੇ ਉਸ ਦੀ ਹੋਂਦ ਕੀ ਹੈ ? ਕਿਤੇ ਧਰਮ-ਸ਼ਾਸਤਰ ਹੈ ਤਾਂ ਉਸ ਦਾ ਹਵਾਲਾ ਦਿਓ ।

ਪ੍ਰੋਹਿਤ : ਸ਼ਿਖ਼ਰ ! ਮੈਨੂੰ ਹੁਣ ਵੀ ਮੂੰਹ ਖੋਲ੍ਹਣ ਦਿਓਗੇ ਜਾਂ ਨਹੀਂ ? ਮੈਂ ਰਾਜ ਦੇ ਸੰਬੰਧ 'ਚ ਕੁਝ ਨਹੀਂ ਕਹਿਣਾ ਚਾਹੁੰਦਾ । ਉਹ ਤੁਹਾਡੀ ਰਾਜਨੀਤੀ ਜਾਣੇ । ਪਰ ਇਸ ਵਿਆਹ ਦੇ ਸੰਬੰਧ 'ਚ ਮੈਨੂੰ ਕੁਝ ਕਹਿਣਾ ਹੀ ਚਾਹੀਦਾ ਹੈ।

ਗੁਪਤ ਕੁੱਲ ਦਾ ਇਕ ਬੁੱਢਾ : ਕਹੋ ਦੇਵ ! ਤੁਸੀਂ ਹੀ ਤਾਂ ਧਰਮ-ਸ਼ਾਸਤਰ ਦੇ ਗਿਆਤਾ ਹੋ ।

ਪ੍ਰੋਹਿਤ : ਵਿਆਹ ਦੀਆਂ ਸੱਤ ਭੁਆਟਣੀਆਂ ਨੇ ਧਰੁਵਸਵਾਮਿਨੀ ਤੇ ਰਾਮ ਗੁਪਤ ਨੂੰ ਇਕ ਭੁਲੇਖੇ ਦੇ ਬੰਧਨ 'ਚ ਬੰਨ੍ਹ ਲਿਆ ਸੀ । ਧਰਮ ਦਾ ਉਦੇਸ਼ ਇਸ ਤਰ੍ਹਾਂ ਪੈਰਾਂ ਹੇਠ ਲਿਤਾੜਿਆ ਨਹੀਂ ਜਾ ਸਕਦਾ । ਮਾਤਾ-ਪਿਤਾ ਦੇ ਪ੍ਰਮਾਣ ਦੇ ਕਾਰਣ ਧਰਮ ਵਿਆਹ ਸਿਰਫ਼ ਆਪਸੀ ਦੁਸ਼ਮਨੀ ਹੋਣ ਤੇ ਟੁੱਟ ਨਹੀਂ ਸਕਦੇ । ਪਰ ਇਹ ਸੰਬੰਧ ਉਨ੍ਹਾਂ ਪ੍ਰਮਾਣਾਂ ਤੋਂ ਵੀ ਸਖਣਾ ਹੈ। ਹੋਰ ਵੀ (ਰਾਮ ਗੁਪਤ ਨੂੰ ਵੇਖ ਕੇ) ਇਹ ਰਾਮ ਗੁਪਤ ਮੋਇਆ ਹੋਇਆ ਤੇ ਤਿਆਗੀ ਤਾਂ ਨਹੀਂ; ਪਰ ਗੌਰਵ ਤੋਂ ਨਸ਼ਟ, ਆਚਰਣ

ਤੋਂ ਭਰਿਸ਼ਟ ਤੇ ਕਰਮਾਂ ਨਾਲ ਰਾਜ-ਪਾਪੀ ਤੇ ਨਪੁੰਸਕ ਹੈ। ਅਜਿਹੀ ਅਵਸਥਾ 'ਚ ਰਾਮ ਗੁਪਤ ਦਾ ਧਰੁਵਸਵਾਮਿਨੀ ਤੇ ਕੋਈ ਅਧਿਕਾਰ ਨਹੀਂ।

ਰਾਮ ਗੁਪਤ : (ਖੜਾ ਹੋ ਕੇ ਕ੍ਰੋਧ ਨਾਲ) ਮੂਰਖ ! ਤੈਨੂੰ ਮੌਤ ਦਾ ਡੀ ਨਹੀਂ ?

ਪ੍ਰੋਹਿਤ : ਰਤੀ ਭਰ ਨਹੀਂ ! ਬ੍ਰਾਹਮਣ ਸਿਰਫ਼ ਧਰਮ ਤੋਂ ਡਰਦਾ ਹੈ ਦੂਜੀ ਕਿਸੇ ਵੀ ਤਾਕਤ ਦੀ ਉਸ ਲਈ ਕੋਈ ਵੁਕਤ ਨਹੀਂ। ਮੇਰੇ ਜੱਲਾਦ ਮੈਨੂੰ ਧਾਰਮਿਕ ਸਚਾਈ ਕਹਿਣ ਤੋਂ ਰੋਕ ਨਹੀਂ ਸਕਦੇ। ਸੱਦ ਉਨ੍ਹਾਂ ਨੂੰ, ਮੈਂ ਤਿਆਰ ਹਾਂ।

ਮੰਦਾਕਿਨੀ : ਬ੍ਰਹਮ ਦੇਵ ! ਤੁਸੀਂ ਧੰਨ ਹੋ।

ਸ਼ਿਖ਼ਰ ਸਵਾਮੀ : ਪਰ ਨਿਡਰ ਪ੍ਰੋਹਿਤ, ਤੁਸੀਂ ਨਪੁੰਸਕ ਸ਼ਬਦ ਦਾ ਪ੍ਰਯੋਗ ਕ। ਰਹੇ ਹੋ।

ਪ੍ਰੋਹਿਤ : (ਹੱਸ ਕੇ) ਰਾਜਨੀਤਿਕ ਡਾਕੂ ! ਤੁਸੀਂ ਸ਼ਾਸਤਾਰਥ ਨਾ ਕਰੋ। ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਨਪੁੰਸਕ ਕਿਸ ਲਈ ਕਿਹਾ ਸੀ ? ਜਿਸ ਨੂੰ ਆਪਣੀ ਔਰਤ ਦੂਜੇ ਤੇ ਭੋਗਣ ਲਈ ਭੇਜਣ 'ਚ ਕੋਈ ਸੰਕੋਚ ਨਹੀਂ, ਉਹ ਨਪੁੰਸਕ ਨਹੀਂ ਤਾਂ ਹੋਰ ਕੀ ਹੈ ? ਮੈਂ ਸਾਫ਼ ਕਹਿੰਦਾ ਹਾਂ ਕਿ ਧਰਮ ਸ਼ਾਸਤਰ ਰਾਮ ਗੁਪਤ ਤੋਂ ਧਰੁਵਸਵਾਮਿਨੀ ਨੂੰ ਮੁਕਤੀ ਦੀ ਆਗਿਆ ਦਿੰਦਾ ਹੈ।

ਪਰਿਸ਼ਦ ਦੇ ਸਾਰੇ ਲੋਕ: ਅਸੱਭਿ, ਭਰਿਸ਼ਟ ਤੇ ਨਪੁੰਸਕ ਰਾਮ ਗੁਪਤ, ਗੁਪਤ ਸਾਮਰਾਜ ਦੇ ਪਵਿੱਤਰ ਰਾਜ-ਸਿੰਘਾਸਣ ਤੇ ਬੈਠਣ ਦਾ ਅਧਿਕਾਰੀ ਨਹੀਂ।

ਰਾਮ ਗੁਪਤ : (ਸ਼ੱਕ ਨਾਲ ਡਰਿਆ ਹੋਇਆ ਇੱਧਰ-ਉੱਧਰ ਵੇਖਦਾ ਹੈ।) ਤੁਸੀਂ ਸਾਰੇ ਹੀ ਪਾਖੰਡੀ ਵਿਦਰੋਹੀ ਹੋ। ਮੈਂ ਆਪਣੇ ਨਿਆਂ-ਪੂਰਣ ਅਧਿਕਾਰ ਨੂੰ ਤੁਹਾਡੇ ਜਿਹੇ ਕੁੱਤਿਆਂ ਦ ਭੌਂਕਣ ਤੇ ਨਹੀਂ ਛੱਡਾਂਗਾ।

ਸ਼ਿਖ਼ਰਸਵਾਮੀ : ਪਰ ਪਰਿਸ਼ਦ ਦਾ ਵਿਚਾਰ ਤਾਂ ਮੰਨਣਾ ਹੀ ਪਵੇਗਾ।

ਰਾਮ ਗੁਪਤ : (ਰੋਣ-ਹਾਕਾ ਹੋ ਕੇ) ਸ਼ਿਖ਼ਰ ! ਤੁਸੀਂ ਵੀ ਅਜਿਹਾ ਕਹਿਦੇ ਹੋ ? ਨਹੀਂ, ਮੈਂ ਇਹ ਨਹੀਂ ਮੰਨਾਂਗਾ।

ਧਰੁਵਸਵਾਮਿਨੀ : ਰਾਮ ਗੁਪਤ ! ਤੁਸੀਂ ਇਸ ਕਿਲੇ 'ਚੋਂ ਹੁਣੇ ਹੀ ਨਿਕਲ ਜਾਓ ।

ਰਾਮ ਗੁਪਤ : ਹੈਂ ! ਇਹ ਤਬਦੀਲੀ ? ਤੇ ਕੀ ਮੈਂ ਸੱਚਮੁੱਚ ਨਪੁੰਸਕ ਹਾਂ ?

(ਹੌਲੀ ਹੌਲੀ ਹੱਟਦਾ ਹੋਇਆ ਚੰਦਰ ਗੁਪਤ ਦੇ ਪਿੱਛੇ ਪਹੁੰਚ ਕੇ ਆਪਣੀ ਕ੍ਰਿਪਾਨ ਕੱਢ ਕੇ ਉਸ ਨੂੰ ਮਾਰਨ ਦਾ ਉਪਰਾਲਾ ਕਰਦਾ ਹੈ । ਚੰਦਰ ਗੁਪਤ ਨੂੰ ਬਿਪਤਾ 'ਚ ਫਸਿਆ ਵੇਖ ਕੇ ਕੁਝ ਲੋਕ ਚੀਖ਼ ਪੈਂਦੇ ਹਨ । ਜਦ ਤਕ ਚੰਦਰ ਗੁਪਤ ਪਿੱਛੇ ਮੁੜਦਾ ਹੈ, ਤਦ ਤਕ ਇਕ ਜਵਾਨ ਸਰਦਾਰ ਰਾਮ ਗੁਪਤ ਤੇ ਵਾਰ ਕਰ ਕੇ ਚੰਦਰ ਗੁਪਤ ਦੀ ਰੱਖਿਆ ਕਰ ਲੈਂਦਾ ਹੈ । ਰਾਮ ਗੁਪਤ ਡਿਗਦਾ ਹੈ ।)

ਜਵਾਨ ਸਰਦਾਰ : ਮਹਾਰਾਜ ਚੰਦਰ ਗੁਪਤ ਦੀ ਜੈ !

ਪਰਿਸ਼ਦ: ਮਹਾਦੇਵੀ ਧਰੁਵਸਵਾਮਿਨੀ ਦੀ ਜੈ !

(ਪਰਦਾ ਡਿਗਦਾ ਹੈ)